# ਸਾਂਝੀ ਵਿਰਾਸਤ

ਅੰਕ 53 ਜਿਲਦ 5 1 ਜੇਠ 558 (15 ਮਈ 2026)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ (1-ਜੇਠ 557 / 15-ਮਈ 2025)


| | | | |
|---|---|---|---|
| 1 | ਸੰਪਾਦਕੀ | ਕਾਬਲ ਸਿੰਘ | 3 |
| 2 | ਬਾਰਹ ਮਾਹਾ ਦਾ ਪਾਠ ਅਤੇ ਵਿਆਖਿਆ | ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4 | ਜੇਠ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 6 |
| 5 | ਗੁਰੂ ਹਰਿ ਰਾਏ ਸਾਹਿਬ: ਗੁਰਮਤ ਉਪਦੇਸ਼ | ਕਾਬਲ ਸਿੰਘ | 7 |
| 6 | ਮਾਂ ਮੇਰੀ ਦਾ ਏਡਾ ਜੇਰਾ (ਗੀਤ) | ਗੁਰਦੀਸ਼ ਕੌਰ ਗਰੇਵਾਲ | 9 |
| 7 | ਮਾਵਾਂ ਦੀਆਂ ਦੁਆਵਾਂ! | ਗੁਰਦੀਸ਼ ਕੌਰ ਗਰੇਵਾਲ | 10 |
| 8 | ਗੁਰਬਾਣੀ ਵਿਚ ਕਰਮਕਾਂਡ ਕਿਸ ਨੂੰ ਕਿਹਾ ਹੈ ਤੇ ਸਿੱਖ ਕਿਹੜੇ ਕਰਮਕਾਂਡ ਕਰਦੇ ਹਨ? | ਗਲੋਬਲ ਸਿੱਖ ਕੌਸਲ | 13 |
| 9 | ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ: ਭਾਗ 1 | *ਜਸਵਿੰਦਰ ਸਿੰਘ ਰੁਪਾਲ* | 17 |
| 10 | ਅੰਮ੍ਰਿਤ ਦਾ ਸੰਕਲਪ ਅਤੇ ਲੋੜ: ਭਾਗ 2 | ਅੰਮ੍ਰਿਤਪਾਲ ਕੌਰ | 20 |
| 11 | ਪੰਥ ਬਨਾਮ ਗੁਰੂ ਪੰਥ: ਭਾਗ 2 | ਨਿਰਮਲ ਸਿੰਘ | 23 |
| 12 | ਠਹਏ੍ਰਮਓਨ ਝੋਰਨਏ: ਿਏਓਨਨਿਗ ਓਨਦ ਫੁਰਪੋਸਏ ੋਡ ਲ਼ਡਿਏ | ਧਏਵਨਿਦਏਰ ਫਓਲ ਸ਼ਨਿਗਹ | 26 |
| 13 | ਭੁਲਲੇਨਿਗ ੋਡ ਸ਼ਕਿਹ ਅਮਏਰਚਿਓਨ ਛਹਲਿਦਰਏਨ ਓ ਲਵਿਏਦ ਰਏਓਲਟਿ! ਭੋਕ੍ਰਏਵਇਾ | ਖਓਵਨਏਏਟ ਸ਼ਨਿਗਹ | 29 |
| 14 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 32 |
| 15 | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 33 |

## ਸੰਪਾਦਕੀ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਜੇਠ ਦਾ ਮਹੀਨਾ 15 ਮਈ ਤੋਂ ਸ਼ੁਰੂ ਹੁੰਦਾ ਹੈ। 1 ਜੇਠ 558 / 15-ਮਈ 2026, ਸਾਂਝੀ ਵਿਰਾਸਤ ਦੀ ਜਿਲਦ 5 ਅੰਕ 53 ਹੈ।

8 ਜੇਠ (23 ਮਈ) ਨੂੰ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। 28 ਜੇਠ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਗੁਰ-ਗੱਦੀ ਦਿਹਾੜਾ ਹੈ। ਸਿੱਖ ਇਤਿਹਾਸ ਵਿਚ ਸਦਾ ਯਾਦ ਰੱਖਿਆ ਜਾਣ ਵਾਲਾ ਦੁਖਦਾਈ "ਛੋਟਾ ਘੱਲੂਘਾਰਾ" 3 ਜੇਠ (17 ਮਈ) 1746 ਨੂੰ ਵਾਪਰਿਆ ਸੀ।

ਹਰ ਸਾਲ ਦੁਨੀਆਂ ਭਰ ਵਿਚ ਮਈ ਦੀ ਪਹਿਲੀ ਤਰੀਕ ਨੂੰ ਮਜ਼ਦੂਰਾਂ ਦੀ ਦੇਨ ਯਾਦ ਕਰਦਿਆਂ "ਲੇਬਰ ਡੇ (ਮਜਦੂਰ ਦਿਵਸ)" ਮਨਾਇਆ ਜਾਂਦਾ ਹੈ।

ਮਈ ਦੀ 8 ਤਰੀਕ ਨੂੰ "ਅੰਤਰ-ਰਾਸ਼ਟ੍ਰੀ ਪੱਧਰ ਤੇ "ਮਾਂ-ਦਿਵਸ" (ਿਨਟਏਰਨਓਟੋਨਿਓਲ ੰਟਹਏਰਸ' ਧਓ) ਮਨਾਇਆ ਜਾਂਦਾ ਹੈ।



### ਲੇਖਕਾਂ ਨੂੰ ਬੇਨਤੀ

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ info@sanjhivirasat.org ਈ ਮੇਲ ਤੇ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ, ਲੰਬੇ ਲੇਖ ਵੈਬਸਾਈਟ (ਸਓਨਜਹਵਿਰਿਓਸਓਟੋ.ਰਗ) ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ।

ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

# ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

## ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ

**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ {ਪੰਨਾਂ 1108}**

### ਵਿਆਖਿਆ

ਜੇਠ ਦੇ ਮਹੀਨੇ ਗਰਮੀ ਦੇ ਮੌਸਮ ਦਾ ਆਰੰਭ ਹੁੰਦਾ ਹੈ। ਧਰਤੀ ਭੱਠ ਵਾਂਗ ਤੱਪਦੀ ਹੈ। ਜੇਠ ਰੂਪੀ ਮਨੁੱਖੀ ਜੀਵਨ ਵਿਚ ਵੀ ਵਿਕਾਰਾਂ ਦੀ ਅੱਗ ਭੜਕ ਉਠਦੀ ਹੈ। ਇਹ ਅਵੱਸਥਾ ਪ੍ਰੀਤਮ ਵਾਹਿਗੁਰੂ ਨੂੰ ਵਿਸਰ ਜਾਣ ਨਾਲ ਵਿਆਪਦੀ ਹੈ। ਕਾਮਾਦਿਕ ਵਿਕਾਰਾਂ ਦੀ ਸਤਾਈ ਜੀਵ ਇਸਤ੍ਰੀ ਆਪਣੇ ਪ੍ਰਭੂ ਪਾਸ ਅਰਦਾਸਾਂ ਕਰਦੀ ਹੈ। ਉਸਨੂੰ ਸਮਝ ਪੈਂਦੀ ਹੈ ਕਿ ਪ੍ਰਭੂ ਦੇ ਗੁਣ ਗ੍ਰਹਿਣ ਕਰਨ ਨਾਲ ਹੀ ਇਹ ਉਸਨੂੰ ਚੰਗੀ ਲਗੇਗੀ।

ਉਹ ਨਿਰਾਲਾ ਪ੍ਰੀਤਮ ਤਾਂ ਸਦਾ ਸਥਿਰ ਅਵੱਸਥਾ ਵਿਚ ਰਹਿੰਦਾ ਹੈ। ਉਸ ਦੀ ਆਗਿਆ ਬਿਨਾ ਜੀਵ ਇਸਤ੍ਰੀ ਉਸ ਪਾਸ ਕਿਵੇਂ ਜਾ ਸਕਦੀ ਹੈ? ਆਪਣੇ ਪ੍ਰਭੂ ਤੋਂ ਬਿਨਾ ਜੀਵ ਇਸਤ੍ਰੀ ਨਿਢਾਲ ਤੇ ਕਮਜ਼ੋਰ ਹੈ। ਉਹ ਪ੍ਰਭੂ ਦੇ ਮਹਿਲ ਵਿਚ ਮੇਲ ਦੀ ਅਵੱਸਥਾ ਦਾ ਸੁਖ ਨਹੀਂ ਮਾਣ ਸਕਦੀ। ਜੇਠ ਰੂਪੀ ਜੀਵਨ ਵਿਚ ਜੇ ਜੀਵ ਇਸਤ੍ਰੀ ਪ੍ਰਭੂ ਦੀ ਪਛਾਣ ਪਾ ਲੈਂਦੀ ਹੈ ਤਾਂ ਉਸਦੀ ਬਖਸ਼ਿਸ਼ ਨਾਲ ਉਸ ਵਿਚ ਇਕ ਰੂਪ ਹੋ ਜਾਂਦੀ ਹੈ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਝ ਮਹਲਾ ੫ ਘਰੁ ੪
## ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

**ੴ ਸਤਿਗੁਰ ਪ੍ਰਸਾਦਿ॥ ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥**

### ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ,
ਜਲੰਧਰ (ਭਾਰਤ)

ਜੇਠ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਸਾਨੂੰ ਉਸ ਪ੍ਰਭੂ ਪ੍ਰਮਾਤਮਾ ਨਾਲ ਜੁੜਨਾ ਚਾਹੀਦਾ ਹੈ ਜਿਸ ਦੇ ਅੱਗੇ ਸਾਰੇ ਜੀਵ ਝੁਕਦੇ ਹਨ। ਜਿਸ ਦਾ ਦਾਮਨ ਫੜਨ ਨਾਲ ਜ਼ਿੰਦਗੀ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਦੁਨੀਆਂ ਦੀ ਹਰ ਦੌਲਤ ਚੋਰੀ ਹੋ ਸਕਦੀ ਹੈ ਪਰ ਪ੍ਰਭੂ ਦੇ ਨਾਮ ਦਾ ਧਨ ਐਸਾ ਹੈ ਜਿਸ ਨੂੰ ਕੋਈ ਚੁਰਾ ਨਹੀਂ ਸਕਦਾ। ਉਸ ਦੇ ਸਾਰੇ ਹੀ ਕੌਤਕ ਮਨ ਨੂੰ ਭਉਣ ਵਾਲੇ ਹਨ। ਜੋ ਉਹ ਚਾਹੁੰਦਾ ਹੈ ਆਪਣੇ ਜੀਵਾਂ ਕੋਲੋਂ ਓਹੀ ਕੁਝ ਕਰਵਾ ਲੈਂਦਾ ਹੈ। ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਕਿਰਪਾ ਕਰਕੇ ਪ੍ਰਮਾਤਮਾ ਅਪਣੇ ਨਾਲ ਮਿਲਾ ਲੈਂਦਾ ਹੈ। ਉਸ ਦੇ ਸੰਗ ਦਾ ਆਨੰਦ ਵੀ ਉਹ ਹੀ ਮਾਣਦੇ ਹਨ। ਚੰਗੇ ਭਾਗਾਂ ਨਾਲ਼ ਜਿਨ੍ਹਾਂ ਜੀਵਾਂ ਨੂੰ ਉਸ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਲਈ ਜੇਠ ਦਾ ਮਹੀਨਾ ਵੀ ਸੁਹਾਵਣਾ ਬਣ ਜਾਂਦਾ ਹੈ।



**ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ, ਜਲੰਧਰ
(ਭਾਰਤ) 9815023970**

# ਬਾਰਹ ਮਾਹਾ ਮਾਝ ਮਹਲਾ 5 ਵਿੱਚੋਂ ਜੇਠ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਜੇਠ ਵਿੱਚ ਉਸ ਹਰੀ ਨਾਲ ਜੁੜੀਏ,
ਜਿਸ ਅੱਗੇ ਨੇ ਝੁਕਦੇ ਸਾਰੇ।

ਜਿਸ ਸੱਜਣ ਦਾ ਦਾਮਨ ਫੜਿਆਂ,
ਜੱਗ ਦੇ ਬੰਧਨ ਮੁਕਦੇ ਸਾਰੇ।

ਨਾਮੁ ਪ੍ਰਭੂ ਦਾ ਮਾਣਿਕ ਮੋਤੀ,
ਜਿਸ ਨੂੰ ਨਾ ਕੋਈ ਚੋਰ ਚੁਰਾਵੇ।

ਰੰਗ ਬਿਰੰਗੇ ਕੌਤਕ ਉਸ ਦੇ,
ਜੋ ਸਭਨਾਂ ਦੇ ਮਨ ਨੂੰ ਭਾਵੇ।

ਜੋ ਉਹ ਚਾਹੁੰਦੈ ਓਹੀ ਕਰਦੈ,
ਓਹੀ ਕੁੱਝ ਕਰਵਾਉਂਦਾ ਰਹਿੰਦੈ।

ਅਪਣਾ ਜਿਨੂੰ ਬਣਾ ਲੈਂਦਾ ਹੈ,
ਧੰਨ ਓਸ ਨੂੰ ਹਰ ਕੋਈ ਕਹਿੰਦੈ।

ਆਪਣੇ ਆਪ ਜੇ ਮਿਲਦਾ ਹੋਵੇ,
ਵਿਛੜ ਕੇ ਕਿਉਂ ਰੋਵਣ ਸਾਰੇ।

ਗੁਰੂ ਮਿਲਾਵੇ ਤਾਂ ਉਹ ਮਿਲਦੈ,
ਫੇਰ ਆਨੰਦਿਤ ਹੋਵਣ ਸਾਰੇ।

ਉਸ ਨੂੰ ਜੇਠ ਸੁਹਾਣਾ ਲੱਗਦੈ,
ਕੰਵਲ ਜਿਹਦੇ ਭਾਗਾਂ ਦਾ ਖਿਲਦੈ।

ਜਿਸ ਦੇ ਭਾਗ ਮੱਥੇ ਦੇ ਚੰਗੇ,
ਪ੍ਰਭੂ ਪਤੀ ਓਸੇ ਨੂੰ ਮਿਲਦੈ।

ਮਹੀਨਾ ਭਾਉਂਦਾ ਓਸ ਜੀਵ ਇਸਤ੍ਰੀ ਨੂੰ,
ਪ੍ਰੀਤਮ ਨੂੰ ਜਿਹੜੀ ਨਹੀਂ ਵਿਸਾਰਦੀ।

ਥਲਾਂ ਵਾਂਗ ਤਨ ਪਿਆ ਤਪਦਾ ਵਿਕਾਰਾਂ ਵਿੱਚ,
ਪਈ ਜੀਵ ਆਤਮਾ ਪੁਕਾਰਦੀ।

ਕਰੇ ਅਰਜੋਈ ਗੁਣ ਗਾ ਗਾ ਕੇ ਓਸ ਦੇ,
ਮੈਂ ਆਪਣੇ ਪਿਆਰੇ ਦਾ ਪਿਆਰ ਲਾਂ।

ਜਿਨ੍ਹਾਂ ਗੁਣਾਂ ਕਰਕੇ ਪਿਆਰੀ ਲੱਗਾਂ ਪ੍ਰਭੂ ਨੂੰ ਮੈਂ,
ਉਹੀ ਗੁਣ ਹਿਰਦੇ 'ਚ ਧਾਰ ਲਾਂ।

ਮਾਇਆ ਤੋਂ ਅਲੇਪ, ਪੱਕੇ ਮਹਿਲ ਵਿੱਚ
ਰਹਿਣ ਵਾਲੇ ਪ੍ਰਭੂ,
ਮੈਂ ਜੇ ਕਿਤੇ ਤੈਨੂੰ ਭਾ ਜਾਵਾਂ।

ਆਗਿਆ ਜੇ ਦੇ ਦਵੇਂ ਮੈਨੂੰ ਆਉਣ ਦੀ ਤਾਂ,
ਮੈਂ ਵੀ ਤੇਰੇ ਮਹਿਲ ਵਿੱਚ ਆ ਜਾਵਾਂ।



ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

# ਗੁਰੂ ਹਰਿ ਰਾਏ ਸਾਹਿਬ: ਗੁਰਮਤ ਉਪਦੇਸ਼

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

ਗੁਰੂ ਹਰਿ ਰਾਏ ਜੀ ਦਾ ਸਾਰਾ ਜੀਵਨ ਦਇਆ, ਪ੍ਰੇਮ ਅਤੇ ਕੋਮਲਤਾ ਦਾ ਨਮੂਨਾ ਹੋਣਾ ਆਮ ਪ੍ਰਚਲਤ ਹੈ। ਪਰ ਉਨ੍ਹਾਂ ਵਲੋਂ ਹੋਰ ਬਹੁਤ ਵਡਮੁਲੇ ਉਪਦੇਸ਼ਾਂ ਬਾਰੇ ਜਾਣਕਾਰੀ ਘੱਟ ਪ੍ਰਚਾਰੀ ਗਈ ਹੈ। ਇਹ ਲੇਖ ਗੁਰੂ ਜੀ ਵਲੋਂ ਗੁਰਮਤ ਨੂੰ ਦ੍ਰਿੜ ਕਰਵਾਉਣ ਵਾਲੇ ਗੁਰਮਤ ਉਪਦੇਸ਼ਾਂ ਸਬੰਧੀ ਜਾਣਕਾਰੀ ਲਿਖਣ ਦੀ ਨਿਮਾਣੀ ਕੋਸ਼ਿਸ਼ ਹੈ।

### ਤਖਤ ਤੇ ਬੈਠਣ ਬਾਅਦ ਪਹਿਲੇ ਉਪਦੇਸ਼

ਯਕੀਨ ਦੇ ਘਰ ਰਹੋ। ਸਤਿਨਾਮ ਜਪੋ।
ਕਾਮ ਕ੍ਰੋਧ ਦੇ ਨੇੜੇ ਨਾ ਜਾਓ,
ਇਹ ਹੀ ਕਾਇਆ ਨੂੰ ਗਾਲਦਾ ਹੈ।
ਮਾੜੇ ਕੰਮਾਂ ਤੋਂ ਪ੍ਰਹੇਜ਼ ਕਰੋ।
ਸ਼ੁਭ ਕਰਮ ਤੇ ਕਦੇ ਨ ਟਰੋ।
ਚੋਰੀ ਕਦੇ ਨਾ ਕਰਨੀ।
ਸੁਚੀ ਕਿਰਤ ਰਖੋ।
ਨਿੱਕੀ ਨਿੱਕੀ ਗੱਲੀਂ ਝਗੜ ਨਹੀਂ ਪਾਉਣੇ।
ਮੰਦਾ ਕਿਸੇ ਨ ਆਖੋ।
ਦਿਲ ਦੁਖਾਉਣਾ ਹਰਾਮ ਜਾਣੋਂ।
ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।
ਘਰ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।
ਮਨੁਖਾ ਦੇਹ ਦੁਰਲਭ ਹੈ, ਵਿਸ਼ੇ ਵਿਕਾਰ ਵਿਚ ਪੈ ਕੇ ਜੀਵਨ ਦੀ ਬਾਜੀ ਨਾ ਹਾਰੋ।
"ਵਿਸ਼ਿਅਨ ਵਿਖੈ ਇਸ ਕੋ ਨਹਿ ਹਾਰੋ।"
ਖੁਦਗਰਜ਼ੀ ਛੱਡੋ।
ਪਰਸਵਾਰਥ ਦਾ ਜੀਵਨ ਜੀਓ।
ਆਤਮ ਵਿੱਦਿਆ ਪ੍ਰਾਪਤ ਕਰੋ।
ਸੰਤਾਂ ਦੀ ਸੰਗਤਿ ਢੂੰਡ ਕੇ ਵੀ ਕਰੋ।
ਪਰਪੰਚ ਤਜੋ।
ਸਭ ਵਿਚ ਉਸ ਦੀ ਜੋਤ ਨਿਹਾਰੋ।
ਇਸ ਜਗਤ ਵਿਚ ਹੀ ਖਚਤ ਨਾ ਹੋ ਜਾਓ।
ਇਹ ਜਗਤ ਸੁਪਨੇ ਨਿਆਈ ਹੈ।
ਮਤ ਉੱਚੀ ਰਖੋ।
ਪ੍ਰਮਾਤਮਾ ਹੀ ਸਤਿ ਚਿਤ ਅਨੰਦ ਹੈ।
ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ ਸੰਗਤ ਹੈ।
"ਪਾਵਨ ਪੋਤ ਗਹੁ ਸਤਿ ਸੰਗਤਿ।"
ਨਾਮ ਜਪਨਾ ਹੀ ਵੱਡਾ ਕਰਮ ਹੈ।
ਗਿਆਨ ਪ੍ਰਾਪਤ ਕਰਨਾ ਹੀ ਧਿਆਨ ਹੈ।
ਜਿਵੇਂ ਸੋਨੇ ਦੇ ਗਹਿਣੇ ਘੜਾ ਕੇ ਪਾਈਦੇ ਹਨ, ਇਹ ਨਾਮ ਗਹਿਣਾ ਹੈ।
ਕਿਰਤ ਵਿਚੋਂ ਦਸਵੰਧ ਜ਼ਰੂਰ ਕਢੋ, ਇਸ ਤਰ੍ਹਾਂ ਸੁੱਖ ਘਰੋਂ ਨਹੀਂ ਜਾਣਗੇ।
"ਤਾਂ ਮਦ ਤੇ ਦਸਵੰਧ ਗੁਰੂ ਹਿਤ, ਦਵੈਤ ਰਹੋ ਤੁ ਗਹ ਸੁਖ ਸਾਰੇ।"
ਜੀਵਨ ਵਾਸ਼ਨਾ ਰਹਿਤ ਗੁਜਾਰਨਾ ਹੀ ਵੱਡੀ ਬਰਕਤ ਹੈ।
"ਚਿਤ ਕੀ ਬ੍ਰਿਤ ਅੰਤਰਿ ਲੇਹੁ ਟਿਕਾਈ।"
ਨਿਸਚਾ ਰੱਖੋ ਤੇ ਵੈਰਾਗੀ ਰਹੋ।

ਅਗੇ ਫਰਮਾਇਆ ਕਿ ਜੋ ਅਜਿਹਾ ਕਰੇਗਾ ਅਤੇ ਸੰਗਤ ਵਿਚ ਨੇਮ ਤੇ ਪ੍ਰੇਮ ਨਾਲ ਜਾਏਗਾ ਉਸ ਦਾ ਮਨ ਰੰਗਿਆ ਜਾਏਗਾ, ਜੀਵਨ ਪੰਧ ਆਸਾਨੀ ਨਾਲ ਕੱਟਿਆ ਜਾਏਗਾ ਅਤੇ ਕਦੇ ਡੋਲੇਗਾ ਨਹੀਂ।
"ਜੀਵਨ ਭੋਗ ਸੁਖੈਨ, ਸੁਖੈ ਪਦ ਅਚੁਤ।"

ਉਪਰ ਲਿਖੇ ਉਪਦੇਸ਼ ਫੁਰਮਾ ਕੇ ਫਿਰ ਭਾਈ ਗੁਰਦਾਸ ਜੀ ਦੀ 28ਵੀਂ ਵਾਰ ਦੀ 15ਵੀਂ ਪਉੜੀ ਸੁਣਾਈ:
'ਪਿਛਲੀ ਰਾਤੀਂ ਜਾਗਣਾ, ਨਾਮੁ ਦਾਨੁ ਇਸ਼ਨਾਨੁ ਦ੍ਰਿੜਾਏ। ਮਿੱਠਾ ਬੋਲਣੁ, ਨਿਵ ਚਲਣੁ, ਹਥਹੁ ਦੇ ਕੇ ਭਲਾ ਮਨਾਏ। ਥੋੜ੍ਹਾ ਸਵਣਾ, ਖਾਵਣਾ, ਥੋੜ੍ਹਾ ਬੋਲਣ ਗੁਰਮਤਿ ਪਾਏ। ਘਾਲਿ ਖਾਇ ਸੁਕ੍ਰਿਤ ਕਰੇ, ਵੱਡਾ ਹੋਇ ਨ ਆਪੁ ਗਣਾਏ। ਸਾਧ ਸੰਗਤਿ ਮਿਲਿ ਗਾਂਵਦੇ ਰਾਤ ਦਿਹੈ ਨਿਤ ਚਲਿ ਚਲਿ

ਜਾਏ। ਸ਼ਬਦ ਸੁਰਤਿ ਪਰਚਾ ਕਰੈ, ਸਤਿਗੁਰ ਪਰਚੈ ਮਨ ਪਰਚਾਏ। ਆਸਾ ਵਿਚਿ ਨਿਰਾਸ ਵਿਲਾਏ।'

**ਗੁਰੂ ਸਾਹਿਬ ਬਾਰੇ ਸਾਖੀਆਂ ਵਿਚੋਂ ਉਪਦੇਸ਼**

- ਬਿਗੜ ਰੂਪ ਅਹੰਕਾਰ ਹੈ। ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।
- ਪਾਪਾਂ ਦਾ ਮੂਲ ਲੋਭ ਹੈ।
- ਸਿੱਖ ਦੇ ਗੁਜ਼ਰਨ ਤੇ ਕਦੇ ਨਹੀਂ ਕਹਿਣਾ, ਮੋਇਆ ਹੈ ਜਾਂ ਜਮ ਲੈ ਗਿਆ ਹੈ। ਆਖਣਾ ਅਕਾਲ ਪੁਰਖ ਪਾਸ ਗਿਆ ਹੈ।
- ਗੁਰੂ ਦੀ ਖੁਸ਼ੀ ਉਸੇ ਤੇ ਹੈ ਜੋ ਸਮੇਂ ਘੁਥਿਓ ਆਏ ਅਤਿਥੀ ਨੂੰ ਰਚਿਕ ਪਰਸ਼ਾਦ ਛਕਾਂਦਾ ਹੈ।
- ਮਨਿ ਜਾਗੇ ਕੀ ਇਹੀ ਨਿਸ਼ਾਨੀ। ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।
- ਅਥਾਪ ਵਸਤੂ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ।
- ਅੰਗ ਭੰਗ ਨੂੰ ਖਵਾਲਣਾ ਬੜਾ ਨੇਕ ਕੰਮ ਹੈ।
- ਜਿਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।
- ਕਮਾਈ ਵਿਚੋਂ ਜਿਸ ਦਸਵੰਧ ਦਿੱਤਾ, ਉਸ ਘਰ ਸਭੇ ਸੁਖ॥
- ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।
- ਹਾਕਮ ਬਣ ਕਿਸੇ ਤੇ ਰੁਅਬ ਨਾ ਪਾਓ।
- ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ ਤੇ ਕੁਹਾੜਾ ਮਾਰਨ ਤੁੱਲ ਹੈ।
- ਰਾਤ ਨੂੰ ਸੌਣ ਵੇਲੇ ਮਹੱਲਾਂ ਦੇ ਦਰਵਾਜੇ ਖਿੜਕੀਆਂ ਬੰਦ ਕਰਕੇ ਹਰਮਾਂ ਵਿਚ ਇਸ ਤਰਾਂ ਨਾ ਸੁਤੇ ਰਹੋ ਕਿ ਕਿਸੇ ਦੁਖੀ-ਦੀਨ ਦੀ ਅਵਾਜ ਹੀ ਕੰਨੀਂ ਨਾ ਪਵੇ।

ਗੁਰੂ ਹਰਿ ਰਾਏ ਸਾਹਿਬ ਦੇ ਗੁਰਮਤ ਉਪਦੇਸ਼ਾਂ ਵਿਚ ਉਨ੍ਹਾਂ ਦਾ ਨਿਰਭਉ, ਨਿਰਵੈਰੁ, ਉਦਾਰ, ਦਇਆਲੂ, ਹਲੀਮ, ਸ਼ਾਤ ਚਿੱਤ, ਮਿੱਠ ਬੋਲੜੇ, ਸੰਤੋਖੀ, ਦਾਤੇ, ਕੋਮਲ ਚਿਤ ਤੇ ਪਿਆਰ ਵੰਡਣ ਵਾਲੇ ਹੋਣਾਂ ਸਾਫ ਝਲਕਦਾ ਹੈ।

**ਸਰੋਤ**: ਨਿਰਭਉ ਨਿਰਵੈਰ: ਜੀਵਨੀ ਗੁਰੂ ਹਰਿ ਰਾਇ ਜੀ (ਸਤਿਬੀਰ ਸਿੰਘ, 1996), ਪੰਜਾਬੀ ਵਿਕੀਪੀਡੀਆ, ਆਦਿ।

# ਮਾਂ ਮੇਰੀ ਦਾ ਏਡਾ ਜੇਰਾ (ਗੀਤ)

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, ਕੈਨੇਡਾ)

**'ਮਦਰਜ਼ ਡੇ' ਤੇ ਦੁਨੀਆਂ ਦੀਆਂ ਤਮਾਮ ਮਾਵਾਂ ਨੂੰ ਸਮਰਪਿਤ'**

ਮਾਂ ਮੇਰੀ ਦਾ ਏਡਾ ਜੇਰਾ,
ਮੈਨੂੰ ਕੁੱਝ ਸਮਝਾਉਂਦਾ ਨੀ।
ਰੁੱਖਾਂ ਜਿਹੀ ਜੀਰਾਂਦ ਦਾ ਜੀਣਾ,
ਮੈਨੂੰ ਆਖ ਸੁਣਾਉਂਦਾ ਨੀ।

ਪਰਬਤ ਵਰਗਾ ਜੇਰਾ ਮਾਂ ਦਾ,
ਜ਼ਖ਼ਮ ਅਸਾਡੇ ਸੀਂ ਲੈਂਦੀ।
ਆਪਣੇ ਗ਼ਮ ਨੂੰ ਅੰਦਰੇ ਸਾਂਭੇ,
ਸਾਡੇ ਗ਼ਮ ਨੂੰ ਪੀ ਲੈਂਦੀ।
ਕੋਈ ਨਾ ਸਾਡੇ ਅੱਥਰੂ ਪੂੰਝੇ,
ਕੋਈ ਨਾ ਹੋਰ ਵਰਾਉਂਦਾ ਨੀ
ਮਾਂ ਮੇਰੀ..........

ਉਹਦੇ ਬੋਲਾਂ ਦੇ ਵਿੱਚ ਮਿਸ਼ਰੀ,
ਕਦੇ ਨਾ ਕੌੜਾ ਬੋਲੇ ਨੀ।
ਜਣੇ ਖਣੇ ਦੇ ਕੋਲ ਕਦੇ ਨਾ,
ਦਿੱਲ ਦੀ ਘੁੰਡੀ ਖੋਲ੍ਹੇ ਨੀ।
ਜ਼ਿੰਦਗੀ ਦਾ ਹਰ ਪਲ ਹੀ ਉਹਦਾ,
ਸਤਿ ਸੰਤੋਖ ਸਿਖਾਉਂਦਾ ਨੀ।
ਮਾਂ ਮੇਰੀ.........

ਦੁੱਖਾਂ ਵਾਲੇ ਸਮੇਂ ਬਥੇਰੇ,
ਸਿਰ ਉਹਦੇ ਤੋਂ ਲੰਘੇ ਨੀ।
ਭਲਾ ਬੁਰਾ ਨਾ ਕਿਸੇ ਨੂੰ ਆਖੇ,
ਖ਼ੈਰਾਂ ਸਭ ਦੀਆਂ ਮੰਗੇ ਨੀ।
'ਨਾ ਕੋ ਵੈਰੀ ਨਾਹੀ ਬੇਗਾਨਾ',
ਏਹੀ ਪਾਠ ਪੜ੍ਹਾਉਂਦਾ ਨੀ
ਮਾਂ ਮੇਰੀ.........

ਮਾਂ ਤਾਂ ਸੰਘਣੀ ਛਾਂ ਦਾ ਰੁੱਖੜਾ,
ਦੇਵੇ ਠੰਢੀਆਂ ਛਾਵਾਂ ਨੀ।
ਬਿਨ ਮੰਗੇ ਹੀ ਸਭ ਨੂੰ ਦੇਵੇ,
ਸੱਚੇ ਦਿਲੋਂ ਦੁਆਵਾਂ ਨੀ।
ਦਰੀਆਂ, ਖੇਸ ਤੇ ਸਾਲੂ ਦਾ ਫੁੱਲ,
ਉਹਦੀ ਯਾਦ ਕਰਾਉਂਦਾ ਨੀ।
ਮਾਂ ਮੇਰੀ.........

ਪਿੰਡ ਆਪਣੇ ਦੇ ਵਿੱਚ ਉਸ ਤਾਂ,
ਇੱਜ਼ਤ ਬੜੀ ਕਮਾਈ ਨੀ।
ਅੱਜ ਉਹਦੀ ਫੁਲਵਾੜੀ ਉੱਤੇ,
ਮਿਹਨਤ ਰੰਗ ਲਿਆਈ ਨੀ।
ਸ਼ੀਸ਼ੇ ਵਰਗੇ ਨਿਰਮਲ ਮਨ ਦਾ,
'ਦੀਸ਼' ਨੂੰ ਮੋਹ ਸਤਾਉਂਦਾ ਨੀ।
ਮਾਂ ਮੇਰੀ.......



# ਮਾਵਾਂ ਦੀਆਂ ਦੁਆਵਾਂ!

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, ਕੈਨੇਡਾ)

**'ਮਦਰਜ਼ ਡੇ' ਨੂੰ ਸਮਰਪਿਤ'**

ਕੋਈ 2006 ਦੀ ਗੱਲ ਹੈ। ਸਾਡੇ ਬੇਜ਼ੀ (ਸੱਸ) ਆਪਣੀ 87 ਕੁ ਸਾਲ ਦੀ ਉਮਰ ਭੋਗ ਕੇ, ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਜਦ ਅਸੀਂ ਉਹਨਾਂ ਦੀ ਅੰਤਿਮ ਅਰਦਾਸ ਤੋਂ ਵਿਹਲੇ ਹੋਏ, ਤਾਂ ਉਹਨਾਂ ਦੇ ਨਵੇਂ ਪਏ ਸੂਟ, ਸ਼ਾਲਾਂ, ਸਵੈਟਰਾਂ ਬਾਰੇ ਸੋਚਣ ਲੱਗੇ ਕਿ- ਕਿੱਥੇ ਦਿੱਤੇ ਜਾਣ? ਬੇਟੇ ਨੇ ਸੁਝਾਅ ਦਿੱਤਾ, "ਮੰਮਾ, ਆਪਣੇ ਸ਼ਹਿਰ ਵਿੱਚ ਇੱਕ ਬ੍ਰਿਧ ਆਸ਼ਰਮ ਹੈ, ਉਥੇ ਦੇ ਆਈਏ?" ਤਾਂ ਮੈਂ ਵੀ ਸਹਿਮਤੀ ਦੇ ਦਿੱਤੀ। ਸੋ ਅਸੀਂ ਉਹ ਸਾਰੇ ਕੱਪੜੇ ਉਥੇ ਦੇ ਆਏ। ਭਾਵੇਂ ਸਾਡੇ ਸ਼ਹਿਰ ਵਿੱਚ, ਇਹ ਬ੍ਰਿਧ ਆਸ਼ਰਮ ਬਣੇ ਨੂੰ ਕਈ ਸਾਲ ਹੋ ਗਏ ਸਨ- ਪਰ ਇਸ ਦੇ ਦਰਸ਼ਨ ਕਰਨ ਦਾ ਮੌਕਾ ਪਹਿਲੀ ਵਾਰ ਬਣਿਆ। ਵਾਪਸੀ ਤੇ ਅਸੀਂ ਸਲਾਹ ਕੀਤੀ ਕਿ- ਜੋ ਬੇਜ਼ੀ ਦੇ ਟਰੰਕ ਵਿੱਚੋਂ ਕੁੱਝ ਮਾਇਆ ਮਿਲੀ ਸੀ- ਉਹ ਵੀ ਗੁਰਦੁਆਰੇ ਚੜ੍ਹਾਉਣ ਦੀ ਬਜਾਏ ਇਥੇ ਹੀ ਦੇ ਦਿੱਤੀ ਜਾਵੇ। ਘਰ ਆ ਕੇ ਅਸੀਂ ਸੋਚਿਆ ਕਿ- "ਮਾਇਆ ਦੇਣ ਨਾਲੋਂ- ਕਿਉਂ ਨਾ ਇਹਨਾਂ ਸਾਰੇ ਪੈਸਿਆਂ ਦਾ ਫਰੂਟ ਲੈ ਕੇ ਬਜ਼ੁਰਗਾਂ ਨੂੰ ਵੰਡਿਆ ਜਾਏ?"

ਇਸ ਵਿਚਾਰ ਦੇ ਫਾਈਨਲ ਹੋਣ ਤੋਂ ਬਾਅਦ, ਬੇਟਾ ਫੇਰ ਇੱਕ ਦਿਨ ਜਾ ਕੇ, ਪ੍ਰਬੰਧਕਾਂ ਤੋਂ ਮਨਜ਼ੂਰੀ ਲੈ ਆਇਆ ਤੇ ਨਾਲ ਹੀ, ਉਥੇ ਰਹਿ ਰਹੇ ਸਾਰੇ ਬਜ਼ੁਰਗਾਂ ਦੀ ਗਿਣਤੀ ਪੁੱਛ ਆਇਆ। ਮੈਨੇਜਰ ਨੇ, ਬਜ਼ੁਰਗਾਂ ਸਮੇਤ ਉਥੇ ਕੰਮ ਕਰ ਰਹੇ ਵਰਕਰ, ਵੋਲੰਟੀਅਰ, ਪ੍ਰਬੰਧਕ ਆਦਿ ਮਿਲਾ, ਕੁੱਲ ਗਿਣਤੀ ਦੱਸ ਦਿੱਤੀ। ਸੋ ਅਗਲੇ ਹਫਤੇ ਅਸੀਂ ਮਾਂ-ਪੁੱਤ ਕਾਫੀ ਸਾਰਾ ਫਰੂਟ ਗੱਡੀ ਵਿੱਚ ਰੱਖ ਕੇ ਲੈ ਗਏ, ਤੇ ਮੈਨੇਜਰ ਨੂੰ ਸੌਂਪ ਕੇ, ਵੰਡਣ ਲਈ ਕਿਹਾ। ਪਰ ਭਲਾ ਹੋਵੇ ਉਸ ਦਾ- ਜਿਸ ਨੇ ਕਿਹਾ ਕਿ-"ਕਮਰਿਆਂ ਵਿੱਚ ਤੁਸੀਂ ਆਪ ਹੀ ਵੰਡ ਆਓ, ਅਸੀਂ ਗਾਈਡ ਤੁਹਾਡੇ ਨਾਲ ਭੇਜ ਦਿੰਦੇ ਹਾਂ- ਬਾਕੀ ਅਸੀਂ ਵਰਕਰਜ਼ ਨੂੰ ਆਪੇ ਦੇ ਦਿਆਂਗੇ"। ਅਸੀਂ ਤਿੰਨੇ ਕੁੱਝ ਲਿਫਾਫੇ ਚੁੱਕੇ ਤੇ ਵੰਡਣ ਤੁਰ ਪਏ।

ਸੱਚ ਜਾਣਿਓਂ, ਉਸ ਦਿਨ ਬਜ਼ੁਰਗ ਮਾਵਾਂ ਤੇ ਬਾਪ- ਦਾਦਿਆਂ ਦੇ ਉਦਾਸ ਚਿਹਰੇ ਦੇਖ, ਸਾਡੇ ਲੋਕਾਂ ਦੇ ਨਾ-ਸ਼ੁਕਰੇ ਹੋਣ ਦਾ ਅਹਿਸਾਸ ਹੋਇਆ।

"ਕਿਉਂ ਅਸੀਂ ਆਪਣੇ ਪਾਲਣਹਾਰਿਆਂ ਨੂੰ ਘਰਾਂ 'ਚ ਨਹੀਂ ਰੱਖ ਸਕਦੇ। ਬਜ਼ੁਰਗ ਹੋਣ ਤੇ ਉਹ ਸਾਨੂੰ ਬੋਝ ਕਿਉਂ ਜਾਪਣ ਲੱਗ ਜਾਂਦੇ ਹਨ। ਆਖਿਰ ਕਿਉਂ?' ਮੈਂ ਸੋਚਣ ਤੇ ਮਜਬੂਰ ਹੋ ਗਈ।

ਕੋਈ ਵਾਕਰ ਨਾਲ ਤੁਰਦਾ ਸੀ। ਕੋਈ ਸੋਟੀ ਨਾਲ। ਹਰ ਕਮਰੇ ਵਿੱਚ ਦੋ ਬੈੱਡ ਸਨ। ਕਿਸੇ 'ਚ ਮੀਆਂ-ਬੀਵੀ। ਕਿਸੇ 'ਚ ਦੋ ਮਰਦ ਜਾਂ ਦੋ ਔਰਤਾਂ। ਭਾਵੇਂ ਉਥੇ ਸਭ ਸੁੱਖ ਸਹੂਲਤਾਂ ਸਨ, ਬਹੁਤਿਆਂ ਦਾ ਇਲਾਜ ਵੀ ਹੋ ਰਿਹਾ ਸੀ। ਕੁੱਝ ਠੀਕ ਸਿਹਤ ਵਾਲੇ ਦੂਜਿਆਂ ਦੀ ਸੇਵਾ ਕਰ ਰਹੇ ਸਨ। ਪਰ ਰੁੱਖ ਤੋਂ ਟੁੱਟੀ ਟਹਿਣੀ ਵਾਂਗ, ਕਿਸੇ ਦੇ ਵੀ ਚਿਹਰੇ ਤੇ ਉਹ ਰੌਣਕ ਨਹੀਂ ਸੀ ਜੋ ਅਸੀਂ ਆਪਣੇ ਘਰਾਂ ਵਿੱਚ ਬਜ਼ੁਰਗਾਂ ਦੇ ਚਿਹਰਿਆਂ ਤੇ ਤੱਕੀ ਸੀ।

ਇੱਕ ਬਜ਼ੁਰਗ ਮਾਤਾ ਨੇ ਤਾਂ ਮੇਰੀ ਬਾਂਹ ਹੀ ਫੜ ਲਈ ਤੇ ਪੁੱਛਣ ਲੱਗੀ, "ਫਿਰ ਕਦੋਂ ਆਏਂਗੀ?"

"ਫਿਰ ਕਿਸੇ ਦਿਨ ਕੁੱਝ ਲੈ ਕੇ ਆਵਾਂਗੀ" ਮੈਂ ਜਵਾਬ ਦਿੱਤਾ।

"ਨਹੀਂ ਲਿਆਈਂ ਭਾਵੇਂ ਕੁੱਝ ਨਾ। ਦਾਨ ਦੇਣ ਵਾਲੇ ਤਾਂ ਏਥੇ ਬਹੁਤ ਆਉਂਦੇ ਨੇ। ਪਰ ਕੋਈ ਸਾਨੂੰ ਮਿਲਣ ਨਹੀਂ ਆਉਂਦਾ!" ਸ਼ਾਇਦ ਉਹ ਸਾਡੇ ਵਿਚੋਂ ਕਿਸੇ ਆਪਣੇ ਦੀ ਤਲਾਸ਼ ਕਰ ਰਹੀ ਸੀ। ਉਸ ਦੀ ਗੱਲ ਸੁਣ, ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ- ਤੇ ਮੈਂ ਉਸ ਕੋਲ ਬੈਠ ਗਈ। ਬਾਕੀ ਰਹਿੰਦੇ ਦੋ ਚਾਰ ਕਮਰਿਆਂ ਵਿੱਚ ਬੇਟਾ ਇਕੱਲਾ ਹੀ ਜਾ ਆਇਆ।

ਮੇਰੇ ਹੱਥਾਂ ਵਿੱਚ ਸਮਾਨ ਫੜਿਆ ਹੋਇਆ ਸੀ- ਸੋ ਮੈਂ ਤਾਂ ਸਭ ਨੂੰ ਫਤਹਿ ਹੀ ਬੁਲਾ ਸਕੀ- ਪਰ ਬੇਟੇ ਨੇ ਹਰ ਇੱਕ ਬਜ਼ੁਰਗ ਦੇ ਪਹਿਲਾਂ ਪੈਰੀਂ ਹੱਥ ਲਾਇਆ ਤੇ ਫਿਰ ਫਰੂਟ ਦਿੱਤਾ। ਦੋ ਮੰਜ਼ਲੀ ਇਮਾਰਤ ਵਿੱਚ ਸ਼ਾਇਦ ਤੀਹ ਕੁ ਕਮਰੇ ਹੋਣਗੇ। ਸਾਰੇ ਬਜ਼ੁਰਗ ਬਹੁਤ ਹੀ ਹਸਰਤ ਭਰੀਆਂ ਨਿਗਾਹਾਂ ਨਾਲ ਸਾਨੂੰ ਮਿਲੇ। ਕੋਈ ਗਲਵਕੜੀ ਪਾ ਲੈਂਦਾ। ਕੋਈ ਸਿਰ ਤੇ ਪਿਆਰ ਦਿੰਦਾ। ਜਿੰਨੀਆਂ ਅਸੀਸਾਂ ਉਹਨਾਂ ਮੇਰੇ ਬੇਟੇ ਨੂੰ ਦਿੱਤੀਆਂ, ਸ਼ਾਇਦ ਇਸਨੂੰ ਜ਼ਿੰਦਗੀ ਭਰ ਕਿਧਰੋਂ ਪ੍ਰਾਪਤ ਨਾ ਹੁੰਦੀਆਂ!

ਮੈਂ ਘਰ ਆ ਕੇ ਬੇਟੇ ਨੂੰ ਕਿਹਾ ਕਿ- "ਅੱਜ ਤੂੰ ਬਹੁਤ ਅਮੀਰ ਹੋ ਗਿਆ ਹੈਂ। ਤੇਰੀ ਝੋਲੀ ਇੰਨੇ ਬਜ਼ੁਰਗਾਂ ਦੀਆਂ ਦੁਆਵਾਂ ਨਾਲ ਅੱਜ ਨੱਕੋ ਨੱਕ ਭਰ ਗਈ ਹੈ!"

"ਹਾਂ ਮੰਮਾਂ ਮੈਨੂੰ ਵੀ ਬੜਾ ਚੰਗਾ ਲੱਗਾ। ਕਿੰਨਾ ਪਿਆਰ ਦਿੱਤਾ ਸਭ ਨੇ!" ਉਸ ਜਵਾਬ ਦਿੱਤਾ।

"ਬੇਟੇ, ਇਸ ਜੀਵਨ ਵਿੱਚ ਸਭ ਕੁੱਝ ਪੈਸੇ ਨਾਲ ਮਿਲ ਸਕਦਾ ਹੈ- ਪਰ ਬਜ਼ੁਰਗਾਂ ਦੀਆਂ ਦੁਆਵਾਂ ਨਹੀਂ। ਸੋ ਇਸ ਬੇਸ਼ਕੀਮਤੀ ਦੌਲਤ ਨੂੰ ਇਕੱਠੀ ਕਰਨ ਦਾ ਮੌਕਾ ਕਦੇ ਵੀ ਹੱਥੋਂ ਨਹੀਂ ਗੁਆਉਣਾ ਚਾਹੀਦਾ!" ਮੈਂ ਸਮਝਾਇਆ।

ਹੁਣ ਜਦੋਂ ਵੀ ਉਹ ਆਪਣੇ ਫੀਲਡ ਵਿੱਚ ਕੋਈ ਪ੍ਰਾਪਤੀ ਕਰਦਾ ਹੈ, ਤਾਂ ਮੈਨੂੰ ਲਗਦਾ ਕਿ- ਇਹ ਉਸਦੇ ਦਾਦਾ- ਦਾਦੀ, ਨਾਨਾ- ਨਾਨੀ, ਤੇ ਉਹਨਾਂ ਬ੍ਰਿਧ ਆਸ਼ਰਮ ਵਾਲੇ ਸਮੂਹ ਬਜ਼ੁਰਗਾਂ ਦੀਆਂ ਦੁਆਵਾਂ ਜਾਂ ਅਸੀਸਾਂ ਦਾ ਹੀ ਫ਼ਲ ਹੈ!

ਅਜੋਕੇ ਸਮੇਂ ਦਾ ਦੁਖਾਂਤ ਹੈ ਕਿ- ਅੱਜ ਸਾਡੀਆਂ ਮਾਵਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ ਰਹੀਆਂ ਹਨ। ਇੱਕ ਵਾਰੀ 'ਮਦਰਜ਼ ਡੇ' ਤੇ ਖਬਰ ਆਈ ਸੀ ਕਿ- ਬ੍ਰਿਧ ਆਸ਼ਰਮ ਦੀਆਂ ਬਜ਼ੁਰਗ ਔਰਤਾਂ ਨੂੰ ਜਦ ਦੱਸਿਆ ਗਿਆ ਕਿ ਅੱਜ 'ਮਾਂ ਦਿਵਸ' ਹੈ ਤਾਂ ਉਹ ਸਾਰਾ ਦਿਨ ਗੇਟ ਦੇ ਨੇੜੇ ਬੈਠੀਆਂ ਰਹੀਆਂ ਕਿ- ਸ਼ਾਇਦ ਉਹਨਾਂ ਦਾ ਕੋਈ ਆਪਣਾ ਮਿਲਣ ਆ ਜਾਵੇ। ਪਰ ਉਹਨਾਂ ਦੇ ਆਪਣਿਆਂ ਕੋਲ ਫੁਰਸਤ ਕਿੱਥੇ? ਉਹ ਤਾਂ ਕਿਸੇ ਵੱਡੇ ਪੰਡਾਲ ਵਿੱਚ ਲੋਕਾਂ ਨਾਲ ਬੈਠ, 'ਮਦਰਜ਼ ਡੇ' ਮਨਾ ਰਹੇ ਹੋਣਗੇ!

ਵਿਦੇਸ਼ਾਂ ਵਿੱਚ ਵੀ ਇਹੀ ਹਾਲ ਹੈ। ਕੋਈ ਕਰਮਾਂ ਵਾਲਾ ਪਰਿਵਾਰ ਹੋਏਗਾ, ਜਿੱਥੇ ਮਾਂ ਜਾਂ ਬਾਪ ਬੱਚਿਆਂ ਦੇ ਨਾਲ ਰਹਿੰਦੇ ਹਨ। ਹਾਂ- ਬਹੁਤੇ ਪਰਿਵਾਰਾਂ ਵਿੱਚ ਲੜਕੀਆਂ ਨੇ ਹੀ ਮਾਂ- ਬਾਪ ਮੰਗਵਾਏ ਹਨ ਤੇ ਉਹਨਾਂ ਕੋਲ ਹੀ ਰਹਿੰਦੇ ਹਨ- ਭਾਵੇਂ ਉਸੇ ਸ਼ਹਿਰ ਵਿੱਚ ਲੜਕੇ ਦਾ ਪਰਿਵਾਰ ਵੀ ਰਹਿੰਦਾ ਹੋਵੇ। ਜਿੰਨਾ ਚਿਰ ਛੋਟੇ ਬੱਚਿਆਂ ਨੂੰ ਸੰਭਾਲਣਾ ਹੁੰਦਾ ਹੈ, ਉਂਨਾ ਚਿਰ ਦਾਦੀ- ਦਾਦੇ ਦੀ ਕਦਰ ਹੁੰਦੀ ਹੈ- ਪਰ ਜਿਉਂ ਹੀ ਬੱਚੇ ਟੀਨ-ਏਜਰ ਹੁੰਦੇ ਹਨ ਤਾਂ ਉਹ ਬਜ਼ੁਰਗ ਵਾਧੂ ਲੱਗਣ ਲੱਗ ਜਾਂਦੇ ਹਨ। ਫਿਰ ਉਹਨਾਂ ਨੂੰ ਕਿਸੇ ਬੇਸਮੈਂਟ ਜਾਂ ਓਲਡ-ਏਜ ਹੋਮ ਵਿੱਚ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ- ਜਿੱਥੇ ਕਦੇ ਕਦਾਈਂ ਮਾਂ-ਦਿਵਸ ਤੇ ਗੁਲਦਸਤਾ ਦੇ ਕੇ ਵਰਾਇਆ ਜਾਂਦਾ ਹੈ। ਜ਼ਰਾ ਸੋਚੋ- ਕੀ ਮਾਵਾਂ ਦੀ ਕੁਰਬਾਨੀ ਦਾ ਇਹੀ ਮੁੱਲ

ਰਹਿ ਗਿਆ? ਮੇਰੇ ਇੱਕ ਬਜ਼ੁਰਗ ਪਾਠਕ ਮੈਂਨੂੰ ਆਪਣੀ ਇਸ ਤਰ੍ਹਾਂ ਦੀ ਆਪ ਬੀਤੀ ਸੁਣਾ, ਰੋ ਪਏ।



ਸਾਥੀਓ- ਮਾਂ ਦੇ ਪਿਆਰ ਦਾ ਕਰਜ਼ ਤਾਂ ਕਿਸੇ ਵੀ ਕੀਮਤ ਤੇ ਨਹੀਂ ਚੁਕਾਇਆ ਜਾ ਸਕਦਾ- ਪਰ ਜਿੰਨਾ ਚਿਰ ਮਾਂ ਦਾ ਸਾਇਆ ਸਿਰ ਤੇ ਮੌਜੂਦ ਹੈ- ਮਾਵਾਂ ਨੂੰ ਪਿਆਰ ਸਤਿਕਾਰ ਦੇ ਕੇ, ਅਸੀਂ ਉਸ ਬੇਸ਼ਕੀਮਤੀ ਦੌਲਤ ਨਾਲ ਮਾਲਾ ਮਾਲ ਹੋ ਸਕਦੇ ਹਾਂ- ਜੋ ਸਾਨੂੰ 'ਦੁਆਵਾਂ' ਦੇ ਰੂਪ ਵਿੱਚ ਮੁਫ਼ਤ 'ਚ ਹੀ ਮਿਲ ਜਾਣੀ ਹੈ। ਮਾਪਿਆਂ ਦੇ ਬੋਲਾਂ ਵਿੱਚ ਵੀ ਕਿਸੇ ਮਹਾਂ-ਪੁਰਸ਼ ਜਾਂ ਪੂਰਨ ਸੰਤ-ਮਹਾਤਮਾ ਦੇ ਬੋਲਾਂ ਤੋਂ ਘੱਟ ਤਾਕਤ ਨਹੀਂ ਹੁੰਦੀ। ਕਈ ਐਸੇ ਲੋਕ ਵੀ ਹਨ ਜਿਹਨਾਂ ਦੇ ਮਾਪੇ ਤਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ਼ਦੇ ਹਨ ਪਰ ਉਹ ਧਰਮ-ਅਸਥਾਨਾਂ ਤੇ ਜਾ ਕੇ ਆਪਣੀ ਤੇ ਆਪਣੇ ਬੱਚਿਆਂ ਦੇ ਸੁੱਖ ਦੀ ਅਰਦਾਸ ਕਰਦੇ ਹਨ। ਭਾਈ- ਜੋ ਬੀਜਾਂਗੇ, ਉਹੀ ਵੱਢਾਂਗੇ। ਸਾਡਾ ਵੀ ਉਹੀ ਹਾਲ ਹੋਏਗਾ- ਜੋ ਅਸੀਂ ਮਾਪਿਆਂ ਦਾ ਕੀਤਾ ਹੈ।

ਮੁੱਕਦੀ ਗੱਲ ਤਾਂ ਇਹ ਹੈ ਕਿ ਜੇ ਅਸੀਂ ਜਿਉਂਦੇ ਜੀਅ ਮਾਵਾਂ ਦੀਆਂ ਅਸੀਸਾਂ ਨਹੀਂ ਲੈ ਸਕੇ ਤਾਂ ਪਿਛੋਂ ਉਹਨਾਂ ਦੀਆਂ ਬਰਸੀਆਂ ਮਨਾਉਣ ਦਾ ਕੀ ਫਾਇਦਾ? ਇੰਦਰਜੀਤ ਹਸਨਪੁਰੀ ਦਾ ਸ਼ੇਅਰ ਯਾਦ ਆ ਗਿਆ-

ਮਰਨ ਤੋਂ ਪਿੱਛੋਂ ਯਾਦ ਕਰੋਗੇ- ਮੈਂਨੂੰ ਕੀ?<br>
ਮੂਰਤ ਅੱਗੇ ਫੁੱਲ ਧਰੋਗੇ- ਮੈਂਨੂੰ ਕੀ?<br>
ਸਾਰੀ ਉਮਰੇ ਸੁੱਕੇ ਟੁੱਕਰ ਖਾਧੇ ਮੈਂ,<br>
ਲਾਸ਼ ਦੇ ਮੂੰਹ ਵਿੱਚ ਘਿਓ ਧਰੋਗੇ- ਮੈਂਨੂੰ ਕੀ?<br>
ਤੁਸੀਂ ਬਜ਼ੁਰਗਾਂ ਨੂੰ ਜਿਸ ਮੌਤੇ ਮਾਰੋਗੇ,<br>
ਓਸੇ ਮੌਤੇ ਆਪ ਮਰੋਗੇ- ਮੈਂਨੂੰ ਕੀ?

*********************/

# ਗੁਰਬਾਣੀ ਵਿਚ ਕਰਮਕਾਂਡ ਕਿਸ ਨੂੰ ਕਿਹਾ ਹੈ ਤੇ ਸਿੱਖ ਕਿਹੜੇ ਕਰਮਕਾਂਡ ਕਰਦੇ ਹਨ?

**ਗਲੋਬਲ ਸਿੱਖ ਕੌਂਸਲ**

**6 ਚੇਤ 558 (19 ਮਾਰਚ 2026) ਦੇ ਵੈਬੀਨਾਰ ਵਿਚ ਗਲਬਾਤ ਦਾ ਸੰਖੇਪ (ਕਾਬਲ ਸਿੰਘ)**

## ਕਰਮਕਾਂਡ

ਧਰਮ ਦੇ ਨਾਂ ਤੇ ਹਰ ਚੀਜ ਜੋ ਬਿਨਾ ਸੋਚੇ, ਸਮਝੇ, ਤੇ ਵਿਚਾਰੇ ਕੀਤੀ ਜਾਵੇ; ਅਤੇ ਜਿਸਦਾ ਕੋਈ ਲਾਭ ਨ ਹੋਵੇ। ਜਿਵੇਂ ਬਿਨਾ ਸਮਝਣ ਤੇ ਅਮਲ ਕਰਨ ਦੇ ਪਾਠ ਤੇ ਅਖੰਡਪਾਠ, ਚੁਪੈਹਰੇ, ਦੁਪੈਹਰੇ, ਖਾਸ ਸਮੇਂ ਤੇ ਖਾਸ ਬਾਣੀਆਂ ਦਾ ਪਾਠ ਜਾਂ ਗੁਰਬਾਣੀ ਪੜਨੀ ਤੇ ਸੁਣਨੀ, ਕਿਸੇ ਖਾਸ ਸ਼ਬਦ ਦਾ ਰਟਣ। ਗੁਰਦੁਆਰੇ ਸਿਰਫ ਮੱਥਾ ਟੇਕਣ, ਚੜਾਵੇ (ਪੈਸੇ, ਰੁਮਾਲੇ ਜਾਂ ਚੀਜਾਂ), ਅਰਦਾਸ, ਲਈ ਜਾਣਾ; ਅਤ ਪੈਰ ਧੋਣ ਵਾਲਾ ਪਾਣੀ ਮੂੰਹ ਤੇ ਲਾਉਣਾਂ, ਆਦਿ।

ਰਸਮਾਂ ਰਿਵਾਜ ਜਿਹੜੇ ਅਮਲੀ ਜੀਵਨ ਵਿਚ ਨ ਆ ਸਕਣ, ਬਾਹਰੀ ਕਰਮਾਂ ਨਾਲ ਜੋੜ ਕੇ ਜਾਂ ਵਿਖਾਵੇ ਲਈ ਕੀਤੇ ਜਾਣ, ਚੀਜਾਂ ਨੂੰ ਪਵਿਤਰ ਸਮਝ ਕੇ ਪੂਜਾ ਕੀਤੀ ਜਾਣੀ।

ਗੁਰਬਾਣੀ ਤੋਂ ਸਮਝ ਲੈਣ ਦੀ ਕੋਸ਼ਿਸ਼ ਕਰਨ ਤੋਂ ਬਿਨਾ ਉਸ ਨੂੰ ਰਸਮਾਂ ਬਣਾ ਕੇ ਵਰਤਣਾਂ, ਜਿਵੇਂ ਦੁਨਿਆਵੀ ਲੋੜਾਂ ਲਈ ਸੁਖਣਾਂ ਜਾਂ ਅਰਦਾਸਾਂ, ਜਨਮ ਦਿਨ, ਵਿਆਹ, ਮਰਨ ਦਿਨ, ਅਤੇ ਹੋਰ ਸਮਾਜਕਿ ਰਸਮਾਂ ਪੂਰੀਆਂ ਕਰਨ।

ਮਾਲਾ ਫੇਰਨੀਆਂ, ਜਿੰਨ ਭੂਤ ਕਢਣੇ, ਵਰ ਸਰਾਪ ਦਾ ਡਰ ਪਾਉਣਾ।

ਝੂਠੀਆਂ ਸਾਖੀਆਂ ਦਾ ਸਹਾਰਾ ਲੈ ਕੇ ਅਸਥਾਨ, ਦਿਨ, ਸਮੇ ਦਾ ਵਿਚਾਰ ਕਰਨਾਂ; ਜਿਵੇਂ ਤਿਥ, ਵਾਰ, ਮਹੀਨਾਂ, ਮਸਿਆ, ਸੰਗਰਾਂਦ, ਆਦਿ।

ਖਾਸ ਵਿਅਕਤੀਆਂ ਦੀਆਂ ਬਰਸੀਆਂ ਮਨਾਉਣੀਆਂ।

ਖਾਸ ਕਿਸਮ ਦੇ ਕਪੜੇ, ਆਸਣ, ਵਾਧੂ ਸ਼ਬਦ ਜਾਂ ਧੁਨਾਂ ਲਾ ਕੇ ਪਾਠ ਜਾਂ ਕੀਰਤਨ ਕਰਨਾਂ।

ਸੰਖੇਪ ਵਿਚ, ਧਰਮ ਦੇ ਨਾਂ ਤੇ ਕੀਤੇ ਜਾਣ ਵਾਲੇ ਵਿਖਾਵੇ ਵਾਲੇ ਕਰਮ ਜੋ ਸਾਨੂੰ ਅਕਾਲ-ਪੁਰਖ ਨਾਲ ਨਹੀਂ ਜੋੜਦੇ, ਜੀਵਨ ਨੂੰ ਉੱਚਾ ਚੁਕਣ ਵਿੱਚ ਸਹਾਈ ਨਹੀਂ ਹੁੰਦੇ, ਜਾਂ ਕੇਵਲ ਭਾਵੁਕ ਰੂਪ ਦੇ ਕਰਮ ਜਾਪਦੇ ਹਨ।

### ਗੁਰਬਾਣੀ ਵਿਚ ਕਰਮਕਾਂਢਾਂ ਬਾਰੇ ਕੁਝ ਤੁਕਾਂ

"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥" (ਪੰਨਾ 641)

"ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥" (ਪੰਨਾ 747)

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥" (ਪੰਨਾ 467)

"ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥ ਬਹੁ ਤੀਰਥ ਭਵਿਆ॥ ਤੇਤੋ ਲਵਿਆ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ॥" {ਪੰਨਾ 467}

"ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥" {ਪੰਨਾ 747}

## ਕਰਮਕਾਂਡਾਂ ਲਈ ਕੁਝ ਕਾਰਨ

- ਪ੍ਰਚਾਰਕ ਤੇ ਗ੍ਰੰਥੀ ਪੁਜਾਰੀਵਾਦ ਚਾਣਕੀਆ ਨੀਤੀਆਂ ਰਾਹੀਂ ਸਿੱਖਾਂ ਨੂੰ ਗੁਮਰਾਹ ਕਰਕੇ, ਗੁਰਬਾਣੀ ਦੇ ਵਿਗਾੜੇ ਅਰਥਾਂ ਦਾ ਸਹਾਰਾ ਲੈ ਕੇ ਆਪਣੇ ਪਿਛੇ ਲਾਉਣਾਂ ਜਾਂ ਪੈਸੇ ਕਮਾਉਣੇਂ।

- ਗੁਰਬਾਣੀ ਦੇ ਪ੍ਰਚਾਰ ਨੂੰ ਧੰਦਾ ਬਣਾ ਕੇ ਪੈਸੇ ਕਮਾਉਣੇਂ। ਮਿਹਨਤ ਦੀ ਕਮਾਈ ਠੀਕ ਹੈ।
- ਪ੍ਰਬੰਧਕਾਂ ਵਲੋਂ ਭੇਟਾ ਨੂੰ ਗੁਰਬਾਣੀ ਪ੍ਰਚਾਰ ਜਾਂ ਲੋੜੀਂਦੇ ਸਮਾਜ ਸੁਧਾਰ ਨਾਲੋਂ ਲੋੜ ਤੋਂ ਵਡੇ ਗੁਰਦੁਆਰਿਆਂ ਤੇ ਸਜਾਵਟਾਂ ਉਪਰ ਖਰਚਣਾਂ।
- ਕੁਝ ਲੋਕਾਂ ਵਲੋਂ ਆਪਣੀ ਹਉਮੇ ਅਧੀਨ ਸਿੱਖ ਅਸਥਾਨਾਂ ਦੇ ਪ੍ਰਬੰਧ ਤੇ ਕਬਜਾ ਰੱਖਣ ਦੀ ਕੋਸ਼ਿਸ਼।
- ਅਗਿਆਨਤਾ, ਡਰ, ਲਾਲਚ, ਭਰਮ, ਕੌਤਕਵਾਦੀ ਵਿਚਾਰ ਦਾ ਪ੍ਰਭਾਵ ਤੇ ਡਰ।
- ਕੁਦਰਤ ਦੇ ਸਿਧਾਂਤਾਂ ਨੂੰ ਨ ਸਮਝ ਕੇ ਇਕ ਦੂਰ ਬੈਠਾ ਰੱਬ ਬਣਾ ਲੈਣਾਂ।

## ਵੱਖ-ਵੱਖ ਸਥਿਤੀਆਂ ਵਿਚ ਵੇਖੇ ਜਾਂਣ ਵਾਲੇ ਸਿੱਖਾਂ ਵਲੋਂ ਕਰਮਕਾਂਡ

**ਸਿੱਖੀ ਰਹਿਣੀ:** ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਨੂੰ ਇਸ਼ਟ ਮੰਨਣਾ। ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸਨਾ। ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼ੀ, ਹੋਮ, ਯੱਗ ਤੇ ਵਰਤ ਵਿਚ ਵਿਸ਼ਵਾਸ਼। ਤਿਲਕ, ਜੰਞੂ, ਤੁਲਸੀ, ਮਾਲਾ, ਕਬਰ, ਮੱਠ, ਮੜ੍ਹੀ, ਮੂਰਤੀ ਤਸਵੀਰ ਦੀ ਪੂਜਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਜਨੇਊ, ਵੇਦ, ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ, ਆਦਿ ਉਤੇ ਨਿਸ਼ਚਾ। ਨੱਕ, ਕੰਨ, ਆਦਿ ਅੰਗ ਛੇਦਣੇ। ਨਸ਼ਿਆਂ ਦਾ ਸੇਵਨ। ਕੰਨਿਆਂ-ਮਾਰ ਨਾਲ ਵਰਤਣਾ। ਚੋਰੀ, ਜੂਆ। ਇਸਤਰੀਆਂ ਵਲੋਂ ਪਰਦਾ ਕਰਨਾ ਜਾਂ ਘੁੰਡ ਕੱਢਣਾ। ਕੇਸਾਂ ਦੀ ਬੇਅਦਬੀ। ਗ੍ਰਹਿਸਥ ਤੋਂ ਬਾਹਰ ਲਿੰਗੀ ਸਬੰਧ। ਮੱਥੇ ਉਤੇ ਹੋਰ ਧਰਮਾਂ ਦੇ ਚਿੰਨ (ਬਿੰਦੀ) ਲਾਉਣੇ ਆਦਿ ।

ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਾਜਮਾਨ ਅਸਥਾਨ ਤੇ: ਲੋੜ ਤੋਂ ਵੱਧ ਸਜਾਵਟ, ਜੋਤ ਤੇ ਰੋਸ਼ਨੀ। ਆਰਤੀ ਕਰਨੀ, ਟੱਲ ਖੜਕਾਉਣੇ, ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਂਗ (ਤੁੱਲ) ਕਿਸੇ ਹੋਰ ਪੁਸਤਕ ਦਾ ਅਸਥਾਪਨ ਕਰਨਾ। ਸੰਗਤ ਵਿਚ ਵਿਤਕਰੇ ਨਾਲ ਬੈਠਣਾ। ਮੰਜੀ ਸਾਹਿਬ ਦੇ ਪਾਵਿਆਂ ਤੇ ਹੋਰ ਜਗਾ ਦੀ ਮੁੱਠੀ ਚਾਪੀ, ਨੱਕ ਰਗੜਨਾ, ਗੁਰੂ ਗ੍ਰੰਥ ਸਾਹਿਬ ਹੇਠਾਂ ਪਾਣੀ ਰੱਖਣਾ। ਸੰਗਤ ਵਿਚ ਨੰਗੇ ਸਿਰ ਜਾਂ ਪਰਦਾ ਕਰਕੇ ਬੈਠਣਾ। ਪ੍ਰਸ਼ਾਦ ਜਾਂ ਲੰਗਰ ਵਰਤਾਉਣ ਵੇਲੇ ਸਿੱਖ-ਗੈਰਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਵਿਤਕਰਾ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ। ਤਨਖਾਹੀਏ ਸਿੱਖ ਦੀ ਅਰਦਾਸ ਕਰਨੀ। ਮੂਰਤੀਆਂ ਰੱਖਣੀਆਂ। ਗੁਰੂ ਗ੍ਰੰਥ ਸਾਹਿਬ ਮੱੜ੍ਹੀਆਂ ਤੇ ਲਿਜਾਣਾ।

ਸਹਿਜ ਪਾਠ ਜਾਂ ਅਖੰਡ ਪਾਠ: ਸੰਗਤ ਜਾਂ ਟੱਬਰ ਵਿਚੋਂ ਕੋਈ ਸੁਣਨ ਵਾਲਾ ਨਾ ਹੋਣਾ। ਬਹੁਤ ਘੱਟ ਅਵਾਜ ਜਾਂ ਤੇਜ਼ ਪਾਠ ਕਰਨਾ ਜਿਸ ਦੀ ਕੁਝ ਸਮਝ ਨਾ ਆਵੇ। ਸੰਗਤ ਲਈ ਗੈਰ-ਸਿੱਖ ਵਲੋਂ ਪਾਠ। ਪਾਠ ਸਮੇਂ ਕਿਸੇ ਹੋਰ ਬਾਣੀ ਦਾ ਪਾਠ, ਕੀਰਤਨ, ਕਥਾ, ਵਖਿਆਨ, ਆਦਿ।

**ਕੀਰਤਨ, ਕਥਾ ਆਦਿ:** ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਤੋਂ ਬਿਨਾਂ ਕਿਸੇ ਹੋਰ ਲਿਖਤ ਦਾ ਕੀਰਤਨ ਤੇ ਕਥਾ। ਵਾਧੂ ਧਾਰਨਾ ਜਾਂ ਮਨਘੜਤ ਤੁੱਕਾਂ ਲਾ ਕੇ ਕੀਰਤਨ। ਪ੍ਰਕਾਸ਼ ਹੋਏ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸੇਵਾਦਾਰ ਦਾ ਨਾ ਹੋਣਾ। ਸੰਗਤ ਵਿੱਚ ਗੈਰ-ਸਿੱਖ ਵਲੋਂ ਕੀਰਤਨ ਜਾਂ ਕਥਾ। ਗੁਰਮਿਤ ਦ੍ਰਿੜ੍ਹਾਉਣ ਤੋਂ ਬਿਨਾ ਕਥਾ ਜਾਂ ਕੀਰਤਨ।

**ਜਨਮ ਤੇ ਨਾਮ ਸੰਸਕਾਰ:** ਸੂਤਕ ਦਾ ਭਰਮ ਕਰਨਾ। ਰੁਮਾਲੇ ਤੋਂ ਬਣੇਂ ਕਪੜੇ। ਸਿੰਘ ਜਾਂ ਕੌਰ ਤੋਂ ਬਿਨਾ ਨਾਂ।

**ਅੰਮ੍ਰਿਤ ਸੰਸਕਾਰ:** ਹੋਸ਼ ਸੰਭਾਲਣ ਤੋਂ ਪਹਿਲਾਂ। ਕੇਸੀ ਇਸ਼ਨਾਨ, ਪੰਜ ਕਕਾਰਾਂ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ) ਤੋਂ ਬਿਨਾਂ, ਗਹਿਣੇ, ਆਦਿ।

**ਅਨੰਦ ਕਾਰਜ/ਵਿਆਹ:** ਗੈਰ-ਸਿੱਖ ਨਾਲ ਵਿਆਹ। ਜਾਤ ਪਾਤ, ਗੋਤ ਦਾ ਵਿਚਾਰ। ਅਨੰਦ ਰੀਤੀ ਤੋਂ ਬਿਨਾਂ ਜਾਂ ਬਚਪਨ ਵਿੱਚ ਵਿਆਹ। ਥਿਤਿ, ਵਾਰ, ਚੰਗੇ-ਮੰਦੇ ਦਿਨ ਜਾਂ ਸਮੇਂ ਦੀ ਵਿਚਾਰ। ਪੱਤ੍ਰੀ ਵਾਚਣਾ। ਸਿਹਰਾ, ਮੁਕਟ, ਜਾਂ ਗਾਨਾ ਬੰਨ੍ਹਣਾ। ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਜੰਡੀ ਵੱਡਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ। ਪੈਸਾ ਲੈ ਕੇ ਲੜਕੇ ਜਾਂ ਲੜਕੀ ਦਾ ਸੰਜੋਗ ਕਰਨਾ। ਪੁਤਰੀ ਦੇ ਗ੍ਰਹਿ ਵਿਖੇ ਖਾਣ ਪੀਣ ਤੋਂ ਮਨ੍ਹਾ ਕਰਨਾ।

**ਮਿਰਤਕ ਸੰਸਕਾਰ:** ਮਿਰਤਕ ਨੂੰ ਮੰਜੇ ਤੋਂ ਹੇਠਾਂ ਉਤਾਰਨਾ ਤੇ ਕਕਾਰ ਜੁਦਾ ਕਰਨੇ। ਧਾਹ ਮਾਰਨੀ, ਪਿੱਟਣਾ, ਸਿਆਪਾ। ਸਸਕਾਰ ਲਈ ਦਿਨ ਜਾਂ ਰਾਤ ਦਾ ਭਰਮ। ਦੀਵਾ-ਵੱਟੀ, ਗਉ ਮਣਸਣਾ। ਫੂਹੜੀ, ਪਿੰਡ, ਕਿਰਿਆ, ਬੁਢਾ ਮਰਨਾ, ਕਪਾਲ ਕਿਰਿਆ। ਫੁੱਲ਼ (ਅਸਥੀਆਂ) ਰਾਖ ਤੋਂ ਵੱਖ ਕਰਨੇ ਅਤੇ ਕਿਸੇ ਖਾਸ ਥਾਂ ਤਾਰਨੇ। ਯਾਦਗਾਰ ਜਾਂ ਮੜ੍ਹੀ ਬਨਾਉਣੀ। ਪਿੱਤਰ (ਵੱਡੇ ਵਡੇਰੇ), ਖਿਆਹ (ਮਰਨ ਵਾਲੇ ਦਿਨ ਸ਼ਰਾਧ), ਤਰਪਣ (ਪਿਤਰਾਂ ਤੇ ਦੇਵਤਿਆਂ ਨੂੰ ਜਲ ਭੇਜਣਾ)।

**ਕੁਝ ਹੋਰ:** ਖਾਸ ਦਿਨ ਤੇ ਖ਼ਾਸ ਤਰ੍ਹਾਂ ਦਾ ਪ੍ਰਸ਼ਾਦ ਚੜ੍ਹਾਉਣਾ। ਸੁੱਖਣਾ ਸੁੱਖਣੀ ਤੇ ਪੂਰੀ ਹੋਣ ਤੇ ਪਾਠ ਜਾਂ ਅਰਦਾਸ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਖਾਸਣ ਵਾਲੀ ਥਾਂ ਤੇ ਪੱਖੇ ਜਾਂ ਏ.ਸੀ. ਵਰਤਣੇ। ਪੱਕੀ ਜਾਂ ਚਟਾਈ ਵਾਲੀ ਜਗ੍ਹਾ ਤੇ ਪਾਲਕੀ ਅੱਗੇ ਪਾਣੀ ਛਿੜਕਣਾ। ਤਵੀਤ, ਧਾਗਾ, ਪੇੜਾ, ਆਦਿ ਕਰਵਾਉਣਾ ਜਾਂ ਕਰਕੇ ਦੇਣਾ। ਨਜ਼ਰ ਉਤਾਰਣੀ ਜਾਂ ਉਤਰਵਾਉਣੀ। ਜੋਤਿਸ਼, ਟੇਵਾ, ਟੂਣਾ, ਕਾਲਾ ਜਾਦੂ, ਬਲੀ ਦੇਣੀ। ਘਰ ਦਾ ਮੂੰਹ ਕਿਸੇ ਖਾਸ ਦਿਸ਼ਾ ਵਿੱਚ ਹੋਣ ਦਾ ਵਹਿਮ। ਕਰਵਾ ਚੌਥ ਤੇ ਹੋਰ ਵਰਤ। ਕੰਜਕਾਂ ਬਿਠਾਉਣੀਆਂ। ਦੇਹਧਾਰੀ ਗੁਰੂ ਮੰਨਣਾਂ ਜਾਂ ਚਰਣਾਮਿਤ ਲੈਣਾ/ਦੇਣਾ। ਘਰੋਂ ਤੁਰਨ ਲਗੇ ਛਿੱਕ ਜਾਂ ਪਿਛੋਂ ਅਵਾਜ, ਕਾਲੀ ਬਿਲੀ ਵਲੋਂ ਰਸਤਾ ਕੱਟਣ; ਮੰਜੀ ਪੁੱਠੀ ਸਿੱਧੀ ਖੜੀ ਕਰਨ ਦੇ ਵਹਿਮ।

## ਸੁਝਾਅ

- ਪ੍ਰਬੰਧਕ ਤੇ ਪ੍ਰਚਾਰਕ ਸਿੱਖੀ ਸਰੂਪ ਵਾਲੇ ਹੀ ਹੋਣ।
- ਪ੍ਰਚਾਰਕ ਤੇ ਗ੍ਰੰਥੀ ਕਿਸੇ ਮਿਸ਼ਨਰੀ ਜਾਂ ਹੋਰ ਯੋਗ ਸੰਸਥਾਵਾਂ ਤੋ ਗੁਰਬਾਣੀ ਤੇ ਸਿੱਖੀ ਨਾਲ ਸਬੰਧਤ ਪ੍ਰਖਿਆਵਾਂ ਪਾਸ ਹੋਣ, ਪਰ ਡੇਰਾਵਾਦ ਨਾਲ ਸਬੰਧਤ ਨ ਹੋਣ।
- ਤਰਕ ਤੇ ਬਿਬੇਕ ਵਰਤ ਕੇ ਗੁਰਬਾਣੀ ਅਨੁਸਾਰ ਸਿੱਖੀ ਪ੍ਰਚਾਰ ਲਈ ਕੰਮ ਕਰਨਾ।
- ਸਬਰ ਤੇ ਸੰਤੋਖ ਵਿਚ ਵਿਚਰਦੇ ਹੋਏ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰੀਏ।
- ਸਚਿਆਰ ਬਣਨ ਲਈ ਤੇ ਜੀਵਨ ਵਿਚ ਅਮਲ ਕਰਨ ਲਈ ਗੁਰਬਾਣੀ ਪੜੀਏ, ਸੁਣੀਏ, ਸਮਝੀਏ ਤੇ ਵਿਚਾਰੀਏ ।
- ਧਰਮ ਸਬੰਧੀ ਕੰਮਾਂ ਵਿਚ ਗੁਰਬਾਣੀ ਸਮਝਣ ਤੇ ਅਮਲੀ ਜੀਵਨ ਵੱਲ ਧਿਆਨ ਹੋਵੇ।
- ਧਰਮ ਅਸਥਾਨਾਂ ਤੇ ਸਿਰਫ ਗੁਰਬਾਣੀ ਸਿਖਿਆ ਤੇ ਕਰਮਾਤਾਂ ਤੋਂ ਰਹਿਤ ਸਿੱਖ ਇਤਿਹਾਸ ਦਾ ਪ੍ਰਚਾਰ ਹੋਵੇ।

## ਸਾਰਅੰਸ਼

ਕਰਮਕਾਂਡ ਹੁਕਮ ਰਜਾਈ ਸਿੱਖੀ ਜੀਵਨ ਦੇ ਯਤਨਾਂ ਵਿੱਚ ਵੱਡੀ ਰੁਕਾਵਟ ਹਨ। ਇਨ੍ਹਾਂ ਤੋਂ ਦੂਰ ਰਹਿਣ ਅਤੇ ਗੁਰਮਤਿ ਅਨੁਸਾਰ ਜੀਵਨ ਦੇ ਕਾਰ-ਵਿਹਾਰ ਕਰਨ ਦੀ ਸੋਝੀ ਅਤੇ ਸਮਰਥਾ ਲਈ ਅਰਦਾਸ ਤੇ ਯਤਨ ਕਰਨ ਲਈ ਸੁਝਾਅ ਹਨ। ਪ੍ਰਚਾਰਕ ਤੇ ਗ੍ਰੰਥੀ ਗੁਰਬਾਣੀ ਦੀ ਅਸਲੀ ਸਿਖਿਆ ਬਾਰੇ ਸੂਝਵਾਂਨ ਹੋਣ ਤੇ ਗੁਰਬਾਣੀ ਦੇ ਅਧਾਰ ਤੇ ਸਿਖਿਆ ਦੇਣ, ਪਰ ਕਿਸੇ ਖਾਸ ਡੇਰੇ ਨਾਲ ਸਬੰਧਤ ਨਾ ਹੋਣ। ਗੁਰਬਾਣੀ ਦਾ ਫੁਰਮਾਣ ਹੈ, ***"ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥"***

# ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ: ਭਾਗ 1

*ਜਸਵਿੰਦਰ ਸਿੰਘ ਰੁਪਾਲ*

ਭਗਤ ਧੰਨੇ ਦਾ ਜਨਮ 20 ਅਪ੍ਰੈਲ 1415 ਨੂੰ ਰਾਜਸਥਾਨ ਦੇ ਟੌਂਕ ਜਿਲੇ ਵਿਚ ਦਿਉਲੀ ਸ਼ਹਿਰ ਦੇ ਨੇੜੇ ਪਿੰਡ ਧੁਆਂ ਵਿਖੇ ਹੋਇਆ। ਉਹ ਇੱਕ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਹਨਾਂ ਦੇ ਜੀਵਨ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਉਹਨਾਂ ਦੇ ਤਿੰਨ ਸ਼ਬਦ ਦਰਜ ਹਨ। ਉਹਨਾਂ ਦੇ ਜੀਵਨ ਨਾਲ ਜੁੜੀ ਹੋਈ ਪ੍ਰਸਿੱਧ ਸਾਖੀ ਹੈ ਕਿ ਉਹਨਾਂ ਨੇ ਪੱਥਰ ਵਿਚੋਂ ਭਗਵਾਨ ਦੀ ਪ੍ਰਾਪਤੀ ਕੀਤੀ। ਪਹਿਲਾਂ ਇਸ ਸਾਖੀ ਨੂੰ ਦੇਖੀਏ, ਕੀ ਹੈ:

ਜਿਕਰ ਆਉਂਦਾ ਹੈ ਕਿ ਛੋਟੇ ਹੁੰਦੇ ਧੰਨਾ ਗਊਆਂ ਚਾਰਨ ਜਾਂਦਾ ਸੀ। ਰਸਤੇ ਵਿਚ ਇੱਕ ਠਾਕੁਰ ਦੁਆਰਾ ਆਉਂਦਾ ਸੀ ਜਿਥੇ ਉਹ ਇਕ ਪੰਡਤ ਨੂੰ ਮੂਰਤੀਆਂ ਦੀ ਪੂਜਾ ਕਰਦੇ, ਭੋਗ ਲਵਾਉਂਦੇ ਅਤੇ ਆਰਤੀ ਕਰਦੇ ਦੇਖਦਾ ਸੀ। ਇਸ ਪੰਡਤ ਦਾ ਨਾਮ ਤਰਲੋਚਨ ਕਿਹਾ ਜਾਂਦਾ ਹੈ। ਧੰਨੇ ਨੇ ਪੰਡਤ ਨੂੰ ਪੁੱਛਿਆ ਕਿ ਇਸਤਰਾਂ ਕਰਨ ਨਾਲ ਉਸਨੂੰ ਕੀ ਮਿਲਦਾ ਹੈ? ਪੰਡਤ ਨੇ ਦੱਸਿਆ ਕਿ ਖੁਸ਼ ਹੋਣ ਤੇ ਠਾਕੁਰ ਮੂੰਹ ਮੰਗੀ ਵਸਤੂ ਦੇ ਦਿੰਦੇ ਹਨ।

ਧੰਨਾ ਬੜਾ ਹੈਰਾਨ ਹੋਇਆ। ਉਸ ਨੇ ਪੰਡਤ ਤੋਂ  ਠਾਕੁਰ ਦੀ ਮੰਗ ਕੀਤੀ। ਪੰਡਤ ਨੇ ਕਿਹਾ ਤੇਰੇ ਤੋਂ ਠਾਕੁਰ ਖੁਸ਼ ਨਹੀਂ ਹੋਣੇ। ਪਹਿਲੀ ਗੱਲ ਤੂੰ ਜੱਟ ਹੈ ਅਤੇ ਤੈਨੂੰ ਪੂਜਾ ਦੀ ਅਕਲ ਨਹੀਂ। ਦੂਜੀ ਗੱਲ ਤੂੰ ਅਨਪੜ੍ਹ ਹੈਂ। ਤੀਸਰੀ ਗੱਲ ਮੰਦਰ ਤੋਂ ਬਿਨਾਂ ਠਾਕੁਰ ਕਿਤੇ ਪ੍ਰਸੰਨ ਨਹੀਂ ਹੁੰਦਾ। ਪਰ ਧੰਨੇ ਨੇ ਜਿੱਦ ਕੀਤੀ। ਪੰਡਤ ਜੱਟਾਂ ਦੇ ਸੁਭਾਅ ਨੂੰ ਸਮਝਦਾ ਸੀ, ਉਹ ਡਰ ਗਿਆ ਕਿਤੇ ਗੁੱਸੇ ਚ ਆ ਕੇ ਧੰਨਾ ਉਸਨੂੰ ਕੁੱਟਣ ਹੀ ਨਾ ਲੱਗ ਜਾਵੇ, ਡਰਦੇ ਪੰਡਤ ਨੇ ਇੱਕ ਸਾਲਗਰਾਮ ਪੱਥਰ ਦੇ ਕੇ ਉਸਨੂੰ ਪੂਜਾ ਕਰਨੀ ਦੱਸ ਦਿੱਤੀ।



ਧੰਨਾ ਉਸ ਸਾਲਗਰਾਮ ਨੂੰ ਚਾਦਰ ਚ ਲਪੇਟ ਕੇ ਸਤਿਕਾਰ ਨਾਲ ਘਰ ਲੈ ਆਇਆ। ਉਸਨੇ ਲੱਕੜ ਦੀ ਚੌਕੀ ਬਣਵਾਈ । ਸਵੇਰੇ ਇਸ਼ਨਾਨ ਆਦਿ ਕਰਕੇ ਠਾਕੁਰ ਨੂੰ ਇਸ਼ਨਾਨ ਕਰਵਾਇਆ। ਤਿਆਰ ਹੋਈ ਰੋਟੀ ਥਾਲੀ ਵਿੱਚ ਟਿਕਾ ਕੇ ਠਾਕੁਰ ਅੱਗੇ ਰੱਖੀ ਅਤੇ ਛਕਣ ਲਈ ਬੇਨਤੀਆਂ ਕਰਨ ਲੱਗਿਆ। ਪਰ ਕੋਈ ਹਿਲਜੁਲ ਨਾ ਹੋਈ। ਧੰਨੇ ਨੇ ਕਿਹਾ ਕਿ ਜੇ ਤੁਸੀਂ ਰੋਟੀ ਨਹੀਂ ਖਾਂਦੇ, ਤਾਂ ਮੈਂ ਵੀ ਰੋਟੀ ਨਹੀਂ ਖਾਂਵਾਂਗਾ। ਆਖਰ ਕ੍ਰਿਸ਼ਨ ਜੀ ਨੇ ਪ੍ਰਗਟ ਹੋ ਕੇ ਰੋਟੀ ਖਾਧੀ ਅਤੇ ਕੁਝ ਮੰਗਣ ਲਈ ਕਿਹਾ। ਧੰਨਾ ਖੁਸ਼ੀ ਨਾਲ ਉੱਛਲ ਪਿਆ ਅਤੇ ਉਸਨੇ ਠਾਕੁਰ ਨੂੰ

ਆਪਣੀਆਂ ਮੰਗਾਂ ਦੱਸੀਆਂ, ਜੋ ਉਸਦੇ ਸ਼ਬਦ "ਗੋਪਾਲ ਤੇਰਾ ਆਰਤਾ" ਵਿੱਚ ਦਰਜ ਹਨ।

ਇਸ ਵਿੱਚ ਉਸਨੇ ਠਾਕੁਰ ਨੂੰ ਆਪਣੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਿਹਾ ਹੈ ਜਿਸ ਵਿੱਚ ਉਸਨੇ ਦਾਲ, ਆਟਾ ਅਤੇ ਘਿਓ ਦੀ ਮੰਗ ਕੀਤੀ ਹੈ। ਜੁੱਤੀ ਤੇ ਸੋਹਣਾ ਕੱਪੜਾ ਵੀ ਮੰਗਿਆ ਹੈ। ਸੱਤਾਂ ਸੀਆਂ ਦਾ ਅੰਨ (ਉਹ ਅੰਨ ਜੋ ਪੈਲੀ ਨੂੰ ਸੱਤ ਵਾਰ ਵਾਹ ਕੇ ਪੈਦਾ ਕੀਤਾ ਹੋਵੇ), ਗਊ, ਮੱਝ ਅਤੇ ਅਰਬੀ ਘੋੜੀ ਦੇਣ ਲਈ ਵੀ ਬੇਨਤੀ ਕੀਤੀ। ਅਖੀਰ ਤੇ ਘਰ ਲਈ ਇੱਕ ਚੰਗੀ ਇਸਤਰੀ ਵੀ ਮੰਗੀ ਗਈ। ਨੋਟ ਕਰਨ ਵਾਲੀ ਗੱਲ ਹੈ ਕਿ ਜੋ ਵੀ ਮੰਗਾਂ ਮੰਗੀਆਂ ਗਈਆਂ ਹਨ, ਉਹ ਸਭ ਬਹੁਤ ਹੀ ਸਬਰ ਸੰਤੋਖ ਵਾਲੀਆਂ ਹਨ ਅਤੇ ਜੀਵਨ ਦੀਆਂ ਘੱਟੋ ਘੱਟ ਮੁਢਲੀਆਂ ਜ਼ਰੂਰਤਾਂ ਹੀ ਆਖੀਆਂ ਜਾ ਸਕਦੀਆਂ ਹਨ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਪ੍ਰਭੂ ਨੇ ਧੰਨੇ ਦੇ ਖੇਤੀ ਦੇ ਹੋਰ ਵੀ ਕਾਫੀ ਕੰਮ ਕਰਨ ਵਿੱਚ ਮੱਦਦ ਕੀਤੀ। ਲੋਕ-ਧਾਰਾ ਵਿੱਚ ਧੰਨੇ ਦੇ ਪ੍ਰੇਮ ਨੂੰ ਰਹਿਤ ਤੋਂ ਉੱਚਾ ਦੱਸਦਿਆਂ ਇਹ ਪ੍ਰਸਿੱਧ ਹੈ-

ਰੱਬ ਫਿਰਦਾ ਸੀ ਧੰਨੇ ਦੇ ਵੱਗ ਚਾਰਦਾ, ਉਹਨੇ ਕਿਹੜਾ ਕੱਛ ਪਾਈ ਸੀ। ਭਾਵ ਧੰਨੇ ਦੇ ਨਿਰਛਲ ਪ੍ਰੇਮ ਦੀ ਵਡਿਆਈ ਕੀਤੀ ਗਈ ਹੈ।

ਕੀ ਭਗਤ ਧੰਨਾ ਨੇ ਪੱਥਰ ਵਿਚੋਂ ਭਗਵਾਨ ਦੀ ਪ੍ਰਾਪਤੀ ਕੀਤੀ??? ਸਿੱਖ ਕੌਮ ਵਿੱਚ ਹੋਰ ਬੇਅੰਤ ਸਾਖੀਆਂ ਵਾਂਗ ਹੀ ਇਹ ਸਾਖੀ ਵੀ ਕਿਧਰੇ ਲੋਕ-ਮਨਾਂ ਵਿੱਚ ਘਰ ਕਰ ਗਈ ਹੈ ਕਿ ਧੰਨੇ ਨੇ ਪੱਥਰ ਵਿਚੋਂ ਹੀ ਪ੍ਰਭੂ ਨੂੰ ਪਾ ਲਿਆ ਸੀ। (ਵੈਸੇ ਹੁਣ ਗਿਆਨ ਦੇ ਪ੍ਰਚਾਰ ਸਦਕਾ ਕਾਫੀ ਲੋਕ ਸੱਚਾਈ ਜਾਣ ਗਏ ਹਨ)

ਆਓ ਇਸ ਸਾਖੀ ਤੇ ਵਿਚਾਰ ਕਰੀਏ, ਅਤੇ ਇਸਨੂੰ ਗੁਰਮਤਿ ਦੀ ਕਸਵੱਟੀ ਤੇ ਪਰਖੀਏ। ਇਸਦੇ ਸੱਚੀ ਹੋਣ ਦੇ ਵਿਰੋਧ ਵਿੱਚ ਹੇਠ ਲਿਖੇ ਨੁਕਤੇ ਖਾਸ ਧਿਆਨ ਦੇਣ ਯੋਗ ਹਨ।

1. **ਭਗਤ ਜੀ ਦੀ ਆਪਣੇ ਸ਼ਬਦ**: ਧੰਨਾ ਜੀ ਦੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰਬਾਣੀ ਦਾ ਇਹ ਨਿਯਮ ਹੈ ਕਿ ਸ਼ਬਦ ਦਾ ਕੇਂਦਰੀ ਭਾਵ ਉਸਦੀ ਰਹਾਉ ਵਾਲੀ ਪੰਕਤੀ ਵਿੱਚ ਹੁੰਦਾ ਹੈ। ਸ਼ਬਦ ਦੀ ਰਹਾਉ ਵਾਲੀ ਪੰਕਤੀ ਇਹ ਹੈ —

***ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ਰਹਾਉ ॥* (ਪੰਨਾ ੬੯੫, ਧੰਨਾ)**

(ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ ! ਮੈਂ ਤੇਰੇ ਦਰ ਦਾ ਮੰਗਤਾ ਹਾਂ। ਮੇਰੀਆਂ ਲੋੜਾਂ ਪੂਰੀਆਂ ਕਰ। ਜੋ ਜੋ ਮਨੁੱਖ ਤੇਰੀ ਭਗਤੀ ਕਰਦੇ ਹਨ, ਤੂੰ ਉਹਨਾਂ ਦੇ ਕੰਮ ਸਿਰੇ ਚਾੜ੍ਹਦਾ ਹੈਂ। (ਪ੍ਰੋ. ਸਾਹਿਬ ਸਿੰਘ)

ਸ਼ਬਦ ਵਿੱਚ ਸਪਸ਼ਟ ਹੈ ਕਿ ਧੰਨੇ ਨੇ ਭਗਤੀ ਕਰਨ ਵਾਲਿਆਂ ਦੇ ਕਾਜ ਸਵਾਰਨ ਦੀ ਗੱਲ ਕੀਤੀ ਹੈ। ਇਹ ਗੱਲ ਉਹ ਤਦ ਹੀ ਕਹਿ ਸਕਦੇ ਨੇ ਜੇ ਉਹਨਾਂ ਖੁਦ ਭਗਤੀ ਕੀਤੀ ਹੋਈ ਹੈ। ਸਾਰੇ ਸ਼ਬਦ ਵਿੱਚ ਕਿਤੇ ਵੀ ਪੱਥਰ ਦੀ ਗੱਲ ਨਹੀਂ ਹੈ।

**2. ਭਾਈ ਗੁਰਦਾਸ ਜੀ ਦੀ ਲਿਖਤ:** ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਧੰਨੇ ਦੇ ਠਾਕੁਰ ਪੂਜਣ ਦੀ ਘਟਨਾ ਨੂੰ ਬਿਆਨਿਆ ਹੈ। ਜਿਸ ਦੇ ਆਧਾਰ ਤੇ ਕੁਝ ਲੋਕ ਭਗਤ ਜੀ ਨੂੰ ਪੱਥਰ-ਪੂਜਕ ਕਹਿਣ ਵਿੱਚ ਘੌਲ ਨਹੀਂ ਕਰਦੇ। ਪਹਿਲਾਂ ਇਹ ਪਉੜੀ ਹੀ ਦੇਖੀਏ। ਭਾਈ ਗੁਰਦਾਸ ਜੀ ਲਿਖਦੇ ਹਨ:-

***ਬ੍ਰਾਹਮਣ ਪੂਜੇ ਦੇਵਤੇ ਧੰਨਾ ਗਊ ਚਰਾਵਣ ਆਵੈ॥ ਧੰਨੇ ਡਿਠਾ ਚਲਿਤ ਏਹੁ ਪੂਛੈ ਬ੍ਰਾਹਮਣ**

**ਆਖਿ ਸੁਣਾਵੈ॥ ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲ ਪਾਵੈ॥ ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਇੱਕ ਜੇ ਤੁਧ ਭਾਵੈ॥ ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛਡਾਵੈ॥ ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥ ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ॥ ਹਉ ਭੀ ਮੁਹੁ ਨਾ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨਾ ਸੁਖਾਵੈ॥ ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥ ਭੋਲਾ ਭਾਉ ਗੋਬਿੰਦੁ ਮਿਲਾਵੈ ॥ (ਭਾਈ ਗੁਰਦਾਸ ਵਾਰ ੧੦, ਪਉੜੀ ੧੩)**

ਜਿਵੇਂ ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿੱਚ ਉਸਦਾ ਕੇਂਦਰੀ ਭਾਵ ਹੁੰਦਾ ਹੈ, ਉਸੇ ਤਰਾਂ ਕਿਸੇ ਵੀ ਵਾਰ ਦੀ ਪਉੜੀ ਦੀ ਆਖਰੀ ਪੰਕਤੀ, ਜਿਹੜੀ ਉਸ ਪਉੜੀ ਦੀਆਂ ਬਾਕੀ ਪੰਕਤੀਆਂ ਤੋਂ ਛੋਟੇ ਆਕਾਰ ਦੀ ਹੁੰਦੀ ਹੈ, ਉਸ ਵਿੱਚ ਪਉੜੀ ਦਾ ਕੇਂਦਰੀ ਭਾਵ ਸਮਾਇਆ ਹੁੰਦਾ ਹੈ। (ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅਧਿਆਤਮਕ ਵਾਰਾਂ ਤੇ ਵੀ ਇਹ ਗੱਲ ਲਾਗੂ ਹੁੰਦੀ ਹੈ।)

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਨਿਯਮ ਅਨੁਸਾਰ ਪਉੜੀ ਦੀਆਂ ਪਹਿਲੀਆਂ ਪੰਕਤੀਆਂ ਵਿੱਚ ਕਈ ਵਾਰੀ ਦੂਸਰੇ ਮੱਤਾਂ ਦਾ ਜਿਕਰ ਕਰ ਕੇ ਅਖੀਰਲੀ ਪੰਕਤੀ ਵਿੱਚ ਗੁਰਮਤਿ ਸਿਧਾਂਤ ਹੁੰਦਾ ਹੈ, ਕਿਤੇ ਪਹਿਲੀਆਂ ਪੰਕਤੀਆਂ ਵਿੱਚ ਉਸ ਸਮੇਂ ਪ੍ਰਚੱਲਿਤ ਵਿਸ਼ਵਾਸ਼ ਜਾਂ ਵਿਚਾਰਧਾਰਾਵਾਂ ਦਾ ਜਿਕਰ ਵੀ ਹੁੰਦਾ ਹੈ। ਕਈ ਥਾਂ ਪਹਿਲੀਆਂ ਪੰਕਤੀਆਂ ਵਿੱਚ ਕੇਂਦਰੀ ਭਾਵ (ਅੰਤਲੀ ਪੰਕਤੀ) ਦੀ ਵਿਆਖਿਆ ਹੁੰਦੀ ਹੈ ਜਾਂ ਉਦਾਹਰਣਾਂ ਦਿੱਤੀਆਂ ਗਈਆਂ ਹੁੰਦੀਆਂ ਹਨ। ਪਰ ਅੰਤਲੀ ਛੋਟੀ ਪੰਕਤੀ ਵਿੱਚ ਗੁਰਮਤਿ ਦਾ ਸਾਰ ਤੱਤ ਹੁੰਦਾ ਹੈ। ਇਸ ਅਨੁਸਾਰ ਇਸ ਪਉੜੀ ਦੀ ਆਖਰੀ ਪੰਕਤੀ ਵਿੱਚ "ਭੋਲਾ ਭਾਉ ਗੋਬਿੰਦ ਮਿਲਾਵੈ" ਵਿੱਚ ਸਾਰ ਤੱਤ ਹੈ। ਇਹ ਗੱਲ ਗੁਰਬਾਣੀ ਵਿੱਚ ਕਈ ਥਾਂ ਤੇ ਆਈ ਹੈ ਕਿ ਗੋਬਿੰਦ ਪ੍ਰੇਮ ਅਤੇ ਭਾਉ ਦਾ ਭੁੱਖਾ ਹੈ ਅਤੇ ਉਸਨੂੰ ਬਾਲਾਂ ਵਾਲੀ ਨਿਰਛਲ ਅਤੇ ਪਿਆਰ ਭਰੀ ਭਾਵਨਾ ਨਾਲ ਪਾਇਆ ਜਾ ਸਕਦਾ ਹੈ।

ਭਾਈ ਗੁਰਦਾਸ ਜੀ ਨੇ ਹੀ ਹੋਰ ਥਾਵਾਂ ਤੇ ਵੀ ਭਗਤਾਂ ਬਾਰੇ ਲਿਖਿਆ ਹੈ

***ਧੰਨਾ ਜਟੁ ਉਧਰਿਆ ਸਧਨਾ ਜਾਤਿ ਅਜਾਤਿ ਕਸਾਈ॥ ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ॥ (ਵਾਰ ੧੨ ਪਉੜੀ ੧੫)**

***ਬੇਣੁ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ॥ ਭਗਤੁ ਕਬੀਰ ਵਖਾਣੀਐ ਜਨੁ ਰਵਿਦਾਸੁ ਬਿਦਰ ਗੁਰੁ ਭਾਏ॥ (ਵਾਰ ੨੩ ਪਉੜੀ ੧੫)**

***ਅਸੁਰ ਭਭੀਖਣੁ ਭਗਤੁ ਹੈ ਬਿਦਰੁ ਧ੍ਰੂ ਵਿਖਲੀ ਸਰਣਾਈ॥ ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ॥ (ਵਾਰ ੨੫ ਪਉੜੀ ੫)**

ਪਰ ਕਿਧਰੇ ਵੀ ਪੱਥਰ ਵਿਚੋਂ ਪਾਏ ਜਾਣ ਦਾ ਜਿਕਰ ਨਹੀਂ, ਸਗੋਂ ਧੰਨਾ ਭਗਤ ਸ਼ਬਦ ਵਰਤਿਆ ਗਿਆ ਹੈ।

**(ਭਾਗ 2 ਅਗਲੇ ਅੰਕ ਵਿਚ ਪੜੋ ਜੀ)**

# ਅੰਮ੍ਰਿਤ ਦਾ ਸੰਕਲਪ ਅਤੇ ਲੋੜ: ਭਾਗ 2 – ਲੋੜ, ਭਾਵ ਤੇ ਪ੍ਰਾਪਤੀ

ਅੰਮ੍ਰਿਤਪਾਲ ਕੌਰ (ਜਲੰਧਰ, ਭਾਰਤ)

**(ਲੜੀ ਜੋੜਨ ਲਈ "ਅੰਮ੍ਰਿਤ ਦਾ ਸੰਕਲਪ ਤੇ ਲੋੜ: ਭਾਗ 1" ਪੜ੍ਹਨ ਦੀ ਕ੍ਰਿਪਾ ਕਰੋ ਜੀ)**

## ਲੋੜ

ਸਵਾਲ ਪੈਦਾ ਹੁੰਦਾ ਹੈ ਕਿ ਦਸਵੇਂ ਪਾਤਸ਼ਾਹ ਜੀ ਨੂੰ ਜੇ ਅੰਮ੍ਰਿਤ ਛਕਣ ਦੀ ਜ਼ਰੂਰਤ ਸੀ ਤਾਂ ਸਾਨੂੰ ਕਿਉਂ ਨਹੀਂ। ਭਾਈ ਗੁਰਦਾਸ (ਦੂਜੇ) ਜੀ ਦਾ ਕਥਨ ਹੈ:

**'ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ' (ਵਾਰ 41)**

ਦਸਮ ਗੁਰੂ ਜੀ ਨੇ ਗੁਰੂ ਪਦ ਪ੍ਰਾਪਤ ਕਰਕੇ ਵੀ ਆਪਣੇ ਚੇਲਿਆਂ ਤੋਂ ਅੰਮ੍ਰਿਤ ਪਾਨ ਦੀ ਬੇਨਤੀ ਕੀਤੀ ਕਿਉਂਕਿ ਅੰਮ੍ਰਿਤ ਇਲਾਹੀ ਦਾਤ ਹੈ, ਗੁਰਮਤ ਦੇ ਪ੍ਰਮੁਖ ਸੰਸਕਾਰਾਂ ਵਿਚੋਂ ਮੁੱਖ ਹੈ ਤੇ ਸਿੱਖ ਰਹਿਤ ਮਰਿਆਦਾ ਦਾ ਪ੍ਰਮੁੱਖ ਭਾਗ ਹੈ। ਜਿਸ ਵਿਚ ਦੂਹਰੀ ਰਹਿਤ ਹੈ- ਇਕ ਅੰਦਰ ਦੀ ਰਹਿਤ ਭਾਵ ਬਾਣੀ ਨਾਲ ਜੁੜਨਾ ਤੇ ਨਾਮ ਦੀ ਕਮਾਈ ਕਰਨੀ, ਅਤੇ ਦੂਸਰੀ ਬਾਹਰਲੀ ਰਹਿਤ ਭਾਵ ਪੰਜ ਕਕਾਰਾਂ ਦੀ ਰਹਿਤ। ਸਿੱਖ ਨੇ ਦੋਵਾਂ ਰਹਿਤਾਂ ਦੇ ਧਾਰਨੀ ਬਣਨਾ ਹੈ।

**"ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥" (ਅੰਗ 808)**

ਲੋਹੇ ਦੇ ਬਾਟੇ ਵਿੱਚ ਸਾਦੇ ਪਾਣੀ ਵਿੱਚ ਖੰਡੇ ਨਾਲ ਪਤਾਸੇ ਘੋਲਣ ਅਤੇ ਬਾਣੀ ਪੜ੍ਹਨ ਨਾਲ ਸਾਦਾ ਪਾਣੀ ਅੰਮ੍ਰਿਤ ਬਣ ਗਿਆ, ਜਿਸ ਨੂੰ ਪੀ ਕੇ ਮਨੁੱਖ ਦੀ ਸੂਰਤ ਦੇ ਨਾਲ ਨਾਲ ਸੀਰਤ ਵੀ ਬਦਲ ਗਈ। ਗੁਰੂ ਗਬਿੰਦ ਸਿੰਘ ਜੀ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਸਮਾਜ ਨੂੰ ਜਾਤ ਪਾਤ ਦੀ ਜਿਲ੍ਹਣ ਵਿਚੋਂ ਕੱਢਿਆ ਅਤੇ ਜਾਤ ਪਾਤ ਤੇ ਊਚ-ਨੀਚ ਦਾ ਭਿੰਨ ਭੇਦ ਮਿਟਾ ਦਿੱਤਾ।

**'ਜਿਨ ਕੀ ਜਾਤ ਗੋਤ ਕੁਲ ਮਾਹੀ। ਸਰਦਾਰੀ ਨ ਭਈ ਕਦਾਈ। ਤਿਨਹੀ ਕੋ ਸਰਦਾਰ ਬਨਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।'**

ਸਿੱਖ ਇਤਿਹਾਸ ਵਿਚ ਇਨਕਲਾਬ ਆ ਗਿਆ। ਅੰਮ੍ਰਿਤ ਬੂੰਦਾਂ ਦੀ ਤਾਸੀਰ ਨੇ ਸਿੱਖ ਧਰਮ ਦਾ ਨਕਸ਼ਾ ਹੀ ਬਦਲ ਦਿਤਾ। ਨਾ ਹੀ ਰੰਬੀਆਂ ਉਨ੍ਹਾਂ ਦੇ ਖੋਪਰ ਲਾਹ ਸਕੀਆਂ ਅਤੇ ਨਾ ਹੀ ਤਨ ਆਰਿਆਂ ਨਾਲ ਚੀਰਿਆ ਗਿਆ। ਸਿਖ ਸਿਦਕ ਤੋਂ ਨਹੀਂ ਡੋਲਿਆ। ਕਦੇ ਇਸ ਸਿੱਖੀ ਦੀ ਪਰਖ ਤੱਤੀ ਤਵੀ ਤੇ ਹੋਈ ਅਤੇ ਕਦੇ ਚਾਂਦਨੀ ਚੌਂਕ ਵਿਚ। ਕਦੇ ਚਮਕੌਰ ਦੀ ਗੜ੍ਹੀ ਵਿੱਚ ਤਾਂ ਕਦੀ ਸਰਹੰਦ ਦੀਆਂ ਨੀਹਾਂ ਵਿੱਚ। ਖ਼ੂਨ ਨਾਲ ਰੰਗੇ ਹੋਏ ਸਿੱਖ ਇਤਿਹਾਸ ਦੇ ਪਤਰੇ ਕੂਕ ਕੂਕ ਕੇ ਗਵਾਹੀ ਦਿੰਦੇ ਹਨ ਕਿ ਸਿੰਘਾਂ ਕਦੇ ਮੁੱਕਣਾ ਨਹੀਂ ਸਿੰਘਾਂ ਕਦੇ ਝੁਕਣਾ ਨਹੀਂ। ਸਿੰਘਾਂ ਨੂੰ ਮੁਕਾਉਣ ਵਾਲਾ, ਸਿੰਘਾਂ ਨੂੰ ਝੁਕਾਉਣ ਵਾਲਾ ਖਿਆਲ ਇਕ ਜਨੂੰਨ ਹੈ। ਕੋਈ ਜ਼ੁਲਮ ਕੋਈ ਸਿਤਮ ਸਾਨੂੰ ਮਿਟਾ ਸਕਦਾ ਨਹੀਂ, ਸਾਨੂੰ ਝੁਕਾ ਸਕਦਾ ਨਹੀਂ। ਸਾਡੀਆਂ ਰਗਾਂ ਵੱਚ ਕਲਗੀਧਰ ਦਾ ਖ਼ੂਨ ਹੈ।

ਖੰਡੇ ਦੀ ਦਾਤ ਦਾ ਅੰਮ੍ਰਿਤ ਅਤੇ ਬਾਣੀ ਦਾ ਅੰਮ੍ਰਿਤ ਬੁਨਿਆਦੀ ਤੌਰ ਤੇ ਇੱਕ ਹਨ, ਦੂਜੇ ਅੰਮ੍ਰਿਤ ਦੀ ਬਾਣੀ ਵਿੱਚ ਕੋਈ ਗੁੰਜਾਇਸ਼ ਨਹੀਂ। ਖੰਡੇ ਦਾ ਅੰਮ੍ਰਿਤ ਬਾਹਰੀ ਭਿੰਨ ਭੇਦ ਮਿਟਾਉਂਦਾ ਹੈ ਅਤੇ ਬਾਣੀ ਦਾ ਅੰਮ੍ਰਿਤ ਅੰਦਰਲੀ ਕੂੜ ਦੀ ਦੀਵਾਰ ਨੂੰ ਢਾਹੁੰਦਾ ਹੈ। ਬਾਣੀ ਦਾ ਅੰਮ੍ਰਿਤ ਮਨੋਬਲ ਨੂੰ ਉਚਾ ਕਰਦਾ ਹੈ। ਖੰਡੇ ਦਾ ਅੰਮ੍ਰਿਤ ਤਨ ਨੂੰ ਵੀ ਸੁਡੌਲ ਬਣਾਉਣ ਲਈ ਪ੍ਰੇਰਦਾ ਹੈ। ਬਾਣੀ ਦੇ ਅੰਮ੍ਰਿਤ ਨੇ ਸੰਗਤ ਤਿਆਰ ਕੀਤੀ। ਖੰਡੇ

ਦੇ ਅੰਮ੍ਰਿਤ ਨੇ ਸੰਗਤ ਨੂੰ ਖਾਲਸੇ ਦਾ ਰੂਪ ਬਖਸ਼ ਦਿਤਾ, ਸਿਖ ਸਿੰਘ ਸਜ ਗਏ। ਜਿੱਥੇ ਬਾਣੀ ਨੇ ਸਿੱਖਾਂ ਵਿਚ ਇੱਕਸੁਰਤਾ ਲਿਆਂਦੀ, ਉਥੇ ਅੰਮ੍ਰਿਤ ਨੇ ਸਿੰਘਾਂ ਨੂੰ ਇੱਕਸਾਰਤਾ ਵਿਚ ਲੈ ਆਂਦਾ। ਇਸ ਤਰਾਂ ਮੌਤ ਨੂੰ ਮਖੌਲ ਕਰਨ ਵਾਲੀ ਸਿਰਲੱਥ ਸੂਰਮਿਆਂ ਦੀ ਇਕ ਜਮਾਤ ਖੜ੍ਹੀ ਹੋ ਗਈ। ਇਸੇ ਨੂੰ 'ਅਕਾਲ ਪੁਰਖ ਦੀ ਫੌਜ' ਕਿਹਾ ਜਾਣ ਲੱਗ ਪਿਆ। ਇਹ ਸਾਰਾ ਕ੍ਰਿਸ਼ਮਾ ਅੰਮ੍ਰਿਤ ਦਾ ਹੀ ਤਾਂ ਹੈ।

## ਪ੍ਰਾਪਤੀ

ਅੰਮ੍ਰਿਤ ਦੀ ਪ੍ਰਾਪਤੀ ਸਤਿਗੁਰੂ ਦੇ ਮਿਹਰਬਾਨ ਹੋਣ ਨਾਲ ਹੁੰਦੀ ਹੈ। ਤੀਸਰੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਮਰਦਾਸ ਜੀ 'ਅਨੰਦ ਸਾਹਿਬ' ਵਿਚ ਬਖਸ਼ਸ਼ ਕਰਦੇ ਹਨ:

**"ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ। ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥ ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ। ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥" (ਅੰਗ 918)**

## ਅੰਮ੍ਰਿਤ ਛਕਣ ਦਾ ਭਾਵ

ਅੰਮ੍ਰਿਤ ਛਕਣ ਦਾ ਭਾਵ ਕਿਸੇ ਪ੍ਰਾਣੀ ਵਲੋਂ ਨਾਮ ਦੇ ਲੜ ਲਗੇ ਰਹਿਣ ਦੀ ਸ਼ਪਥ ਗ੍ਰਹਿਣ ਕਰਨਾ ਹੈ। ਸ਼ਪਥ ਦਾ ਮੰਤਵ ਇਹ ਹੈ ਕਿ ਉਹ ਹਮੇਸ਼ਾ ਨਿਰੰਕਾਰ ਵਿੱਚ ਅਟੁੱਟ ਵਿਸ਼ਵਾਸ ਤੇ ਸਿਦਕ ਰੱਖਦਾ ਹੋਇਆ ਉਸਦਾ ਸਿਮਰਣ ਕਰਦਾ ਰਹੇ। ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨੇ, ਉਸਦੀ ਕਿਰਪਾ ਤੇ ਮਿਹਰ ਸਦਕਾ ਆਪਣੀ ਆਤਮਾ ਨੂੰ ਆਜ਼ਾਦ, ਸਵੱਛ ਤੇ ਨਿਰਲੇਪ ਬਣਾ ਲਵੇ, ਸਭ ਨੂੰ ਇੱਕ ਸਮਾਨ ਭਰਾਵਾਂ ਵਾਂਗ ਸਮਝੇ। 'ਖੰਡੇ ਦਾ ਅੰਮ੍ਰਿਤ' ਇਕ ਪ੍ਰਣ ਹੈ ਮਾਨਵਤਾ ਦਾ ਇੱਕ ਨਰੋਆ ਅੰਗ ਬਣੇ ਰਹਿਣ ਲਈ, ਅਤੇ ਉਸ ਕਰਾਮਾਤੀ ਸਪਿਰਟ ਨੂੰ ਸਦਾ ਬਰਕਰਾਰ ਰੱਖਣ ਲਈ ਜਿਹੜੀ ਸ੍ਰੀ ਕਲਗੀਧਰ ਜੀ ਨੇ ਇੱਕ ਇੱਕ ਸਿੰਘ ਦੇ ਸਵਾ ਸਵਾ ਲੱਖ ਨਾਲ ਮੁਕਾਬਲਾ ਕਰਨ ਲਈ ਸਿੱਖਾਂ ਵਿੱਚ 'ਅੰਮ੍ਰਿਤ-ਛੋਹ' ਰਾਹੀਂ ਭਰੀ ਸੀ। 'ਖੰਡੇ ਦਾ ਅੰਮ੍ਰਿਤ' ਇੱਕ ਇਕਰਾਰ ਹੈ ਗੁਰੂ ਹਜ਼ੂਰੀ ਵਿੱਚ ਸੀਸ ਭੇਟਾ ਕਰਨ ਦਾ, ਹਉਮੈ ਦੇ ਤਿਆਗ ਦਾ, ਡਿਸਿਪਲਨ ਵਿੱਚ ਰਹਿਣ ਦਾ, ਅਤੇ 'ਅੰਮ੍ਰਿਤ ਜੀਵਨ' ਬਤੀਤ ਕਰਨ ਦਾ।

'ਖੰਡੇ ਦਾ ਅੰਮ੍ਰਿਤ' ਪ੍ਰਤਿਗਿਆ ਹੈ, ਗੁਰੂ-ਆਗਿਆ ਵਿੱਚ ਰਹਿ ਕੇ ਸਵੈਮਾਨ, ਸੇਵਾ ਤੇ ਸਰਬੱਤ ਦੇ ਭਲੇ ਲਈ ਸਤਿਗੁਰਾਂ ਦੇ ਪਾਏ ਪੂਰਨਿਆਂ ਉਪਰ ਚੱਲਣ ਦੀ। ਅੰਮ੍ਰਿਤ ਇੱਕ ਯਾਦ ਹੈ ਸ਼ਹੀਦਾਂ ਦੇ ਜੂਝਣ ਦੀ; ਇਹ ਯਾਦ ਸਿੱਖ ਨੂੰ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣ ਲਈ ਦ੍ਰਿੜ ਰੱਖਦੀ ਹੈ। ਇਸ ਲਈ ਇਹ 'ਅੰਮ੍ਰਿਤ ਛੋਹ' ਪ੍ਰਾਪਤ ਕਰਨੀ ਅਤਿਅੰਤ ਜ਼ਰੂਰੀ ਹੈ। ਇਸੇ ਨਾਲ ਹੀ ਸਿੱਖ ਆਪਣੀ ਦ੍ਰਿੜਤਾ ਪ੍ਰਗਟ ਕਰਦਾ ਹੈ। ਉਹ ਸਿੱਖੀ ਦੇ ਅੰਮ੍ਰਿਤ ਆਦਰਸ਼ਾਂ ਦਾ ਜੀਵਨ ਜੀਣ ਦਾ ਪ੍ਰਣ ਕਰਦਾ ਹੈ ਕਿ ਉਹ ਸਿਰ ਦੀ ਬਾਜ਼ੀ ਲਗਾ ਕੇ ਵੀ ਅੰਮ੍ਰਿਤ ਅਸੂਲਾਂ ਦੀ ਰੱਖਿਆ ਕਰੇਗਾ, ਅਸੂਲ ਜੋ ਨਿਤਨੇਮ ਦੀਆਂ ਬਾਣੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹ ਪ੍ਰਣ ਹੈ ਸਦਾ ਨਿਡਰ ਰਹਿ ਕੇ ਚੰਗੇ ਕਰਮ ਕਰਨ ਦਾ:

**"ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ॥ ਅਰੁ ਸਿਖ ਹੋ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥ ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥" (ਗੁਰੂ ਗੋਬਿੰਦ ਸਿੰਘ ਜੀ)।**

ਗਉੜੀ ਸੁਖਮਨੀ ਅੰਦਰ ਧੰਨ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**"ਇਹੁ ਹਰਿ ਰਸੁ ਪਾਵੈ ਜਨੁ ਕੋਇ॥ ਅੰਮ੍ਰਿਤ ਪੀਵੈ ਅਮਰੁ ਸੋ ਹੋਇ॥ ਉਸੁ ਪੁਰਖ ਕਾ ਨਾਹੀ**

**ਕਦੇ ਬਿਨਾਸ॥ ਜਾ ਕੈ ਮਨਿ ਪ੍ਰਗਟੇ ਗੁਨਤਾਸ॥" (ਅੰਗ 287)।**

ਖੰਡੇ ਦੀ ਪਾਹੁਲ ਤੋਂ ਉਪਜੀ ਸਰਬਪੱਖੀ ਤੇ ਉੱਚੇ ਆਚਰਨ ਵਾਲੀ ਸਾਫ ਸਵੱਛ ਤੇ ਸੱਚੀ ਸੁੱਚੀ ਆਤਮਾ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦਾ ਨਾਮ ਦਿੱਤਾ ਹੈ, ਜੋ ਜਿੰਦਾ ਸ਼ਹੀਦ ਵੀ ਹੈ, ਸੰਤ ਵੀ ਹੈ, ਅਤੇ ਸਿਪਾਹੀ ਵੀ ਹੈ।

## ਪੰਥ ਬਨਾਮ ਗੁਰੂ ਪੰਥ: ਭਾਗ 2

ਨਿਰਮਲ ਸਿੰਘ, ਵਿਕਟੋਰੀਆ

**(ਲੜੀ ਜੋੜਨ ਲਈ ਸਾਂਝੀ ਵਿਰਾਸਤ ਦਾ ਪਿਛਲਾ ਅੰਕ ਪੜ੍ਹੋ ਜੀ)**

### ਹੁਣ ਵਿਚਾਰਾਂਗੇ ਪੰਥਿ

**ਮਹਲਾ 1: ਹਰਿ ਕੇ ਲੋਗ ਨਹੀ ਜਮੁ ਮਾਰੈ॥ ਨਾ ਦੁਖੁ ਦੇਖਹਿ ਪੰਥਿ ਕਰਾਰੈ॥ ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ॥ (ਪੰਨਾਂ 1033)**

**ਅਰਥ**: ਜੇਹੜੇ ਪ੍ਰਾਣੀ ਹਰੀ-ਪ੍ਰਮੇਸ਼ਰ ਦੇ ਸੇਵਕ-ਜਨ ਬਣਦੇ ਹਨ ਉਹਨਾਂ ਨੂੰ ਜਮ ਨਹੀਂ ਮਾਰ ਸਕਦਾ ਉਹ ਆਤਮਕ ਮੌਤ ਨਹੀਂ ਮਰ ਸਕਦੇ। ਉਹ ਆਤਮਕ ਮੌਤ ਦੇ ਕਰੜੇ (ਪੰਥਿ-ਰਸਤੇ) ਤੇ ਨਹੀਂ ਪੈਂਦੇ ਤੇ ਮਾਨਸਿਕ ਦੁੱਖ ਨਹੀਂ ਵੇਖਦੇ। ਉਹਨਾਂ ਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਵੱਸਦਾ ਹੈ ਉਹ ਅੰਤਰ ਆਤਮੇ ਪ੍ਰਮੇਸ਼ਰ ਦੀ ਭਗਤੀ ਕਰਦੇ ਹਨ ਹੁੱਕਮੁ ਵਿਚ ਚਲਦੇ ਹਨ। ਉਹਨਾਂ ਨੂੰ ਮੋਹ ਮਾਇਆ ਦਾ ਕੋਈ ਹੋਰ ਬਖੇੜਾ ਨਹੀਂ ਵਾਪਰਦਾ।

**ਮਹਲਾ 5: ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ॥ (ਪੰਨਾਂ 320)**

**ਅਰਥ**: ਸਭ ਜੀਵਾਂ ਨੂੰ ਸੁਖੀ ਕਰਨ ਵਾਲਾ ਹਰੀ-ਨਾਮ ਅੰਮ੍ਰਿਤ ਸਤ ਦੀ ਸੰਗਤ ਵਿਚ ਵੰਡਿਆ ਜਾਦਾਂ ਹੈ। ਜੋ ਪ੍ਰਾਣੀ ਉਹ ਅੰਮ੍ਰਿਤ ਪ੍ਰਾਪਤ ਕਰਦੇ ਹਨ ਉਹ ਜਮਾਂ ਦੇ ਪੰਥਿ (ਰਾਹ) ਤੇ ਨਹੀਂ ਪੈਂਦੇ। ਉਹ ਆਤਮਿਕ ਪਖੋਂ(ਜ਼ਮੀਰ ਪਖੋਂ) ਫਿਰ ਮਰਦੇ ਨਹੀਂ।

### ਜਮਾਂ ਦਾ ਪੰਥਿ ਕਿਹੜਾ ਹੁੰਦਾ ਹੈ?

**ਮਹਲਾ 3: ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥ ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ॥ ਮਨਮੁਖ ਜਮ ਮਗਿ ਪਾਈਅਨਿ੍ ਜਿਨ੍ ਦੂਜਾ ਭਾਉ ਪਿਆਰਾ॥ ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥ ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ॥ (ਪੰਨਾਂ 513)**

ਇਨ੍ਹਾਂ ਜਮਾਂ ਤੋਂ ਬਚਣ ਲਈ ਚੌਥੇ ਨਾਨਕ ਜੀ ਸਮਝਾਉਂਦੇ ਹਨ:

**ਮਹਲਾ 4: ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ॥ ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥ (ਪੰਨਾਂ 1309)**

### ਗੁਰੂ ਦੇ ਬਚਨ ਮਾਰਗਿ-ਪੰਥਿ ਤੇ ਨਾ ਚਲਣ ਦਾ ਨੁਕਸਾਨ ਕੀ ਹੁੰਦਾ ਹੈ?

**ਮਹਲਾ 4: ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥ ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥ ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥ ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥ (ਪੰਨਾਂ 773)**

**(ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ-ਸਚ ਦੇ ਮਾਰਗ ਤੋਂ ਉਖੜਿਆ ਮਨ)**

### ਸਾਡਾ ਸੁਧਾਰ ਕਿਵੇਂ ਹੋ ਸਕਦਾ ਹੈ?

**ਮਹਲਾ 5: ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਾਰੀ॥ ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ॥ (ਪੰਨਾਂ 401)**

(ਤਿਸਾ-ਤ੍ਰਿਸ਼ਨਾਂ, ਗੁਰੂ ਨੇ ਮਨ ਦੀ ਤ੍ਰਿਸ਼ਨਾਲੂ ਬਿਰਤੀ ਵਾਲੀ ਪਿਆਸ ਹੀ ਨਵਿਰਤ ਕਰ ਦਿਤੀ)

**ਸਵਯੇ ਸ੍ਰੀ ਮੁਖ ਵਾਕ ਮਹਲਾ 5: ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ॥ ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ॥ ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ॥ ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ॥ ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ। (ਪੰਨਾਂ 1389)**

**ਅਰਥ**: ਹਰੀ ਦੇ ਚਰਨ ਕਮਲਾਂ ਨਾਲ ਜੁੜ ਕੇ ਪ੍ਰੇਮ ਦਾ ਸੁਆਦ ਚੱਖਿਆ ਹੈ, ਉਹ ਸ਼ਸਤ੍ਰਾਂ ਨਾਲ ਕਟਿਆ-ਵੱਢਿਆ ਨਹੀਂ ਜਾ ਸਕਦਾ। ਜਿਸ ਦਾ ਮਨ ਹਰੀ ਦੇ ਦਰਸ਼ਨ ਦੇ ਰਾਹ ਵਿੱਚ ਵਿੱਝ ਗਿਆ ਹੈ, ਉਹ ਰੱਸੀ ਨਾਲ ਕਿਸੇ ਹੋਰ ਪਾਸੇ ਬੰਨ੍ਹਿਆ ਨਹੀਂ ਜਾ ਸਕਦਾ। ਸੰਤ ਜਨਾਂ ਦੀ ਚਰਨ ਧੂੜ (ਭਾਵ ਕਿ ਗੁਰੂ ਗਿਆਨ) ਵਿਚ ਲੱਗੇ ਹੋਏ ਮਨ ਨੂੰ ਕੋਈ ਤ੍ਰਿਸ਼ਨਾਲੂ ਅੱਗ ਸਾੜ ਨਹੀਂ ਸਕਦੀ। ਰੱਬੀ ਪੈਗਾਮ ਤੇ ਚਲਦੇ ਹੋਏ ਮਨ ਨੂੰ ਵਿਕਾਰ ਰੂਪੀ ਪਾਨੀ ਡੋਬ ਨਹੀਂ ਸਕਦਾ। (ਪੰਥਿ ਪਗਿ-ਗੁਰੂ ਦਾ ਬਖਸ਼ਿਆ ਹੋਇਆ ਮਾਰਗ)

ਨਾਨਕ ਪਾਤਿਸ਼ਾਹ ਆਖਦੇ ਹਨ ਕਿ ਹਰੀ-ਪ੍ਰਮੇਸ਼ਰ ਦੇ ਮਾਰਗ ਨੂੰ ਸਮਰਪਤ ਮਨ ਦੇ ਰੋਗ, ਦੋਖ, ਪਾਪ ਅਤੇ ਮੋਹ—ਇਹ ਸਾਰੇ ਹੀ ਹਰੀ ਦੇ ਨਾਮ-ਰੂਪੀ ਤੀਰ ਨਾਲ ਨਸ਼ਟ ਹੋ ਜਾਂਦੇ ਹਨ।

**ਭਗਤ ਤ੍ਰਿਲੋਚਨ: ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥ (ਪੰਨਾਂ 92)**

**ਅਰਥ**: ਐ ਪ੍ਰਾਣੀ! ਤੂੰ ਮਾਇਆ ਦੇ ਮੋਹ (ਭਾਵ ਅਗਿਆਨਤਾ) ਦੇ ਅਜਿਹੇ ਡਾਢੇ ਹਨੇਰੇ ਰਾਹੇ ਤੁਰ ਰਿਹਾ ਹੈਂ ਜਿੱਥੇ ਨਾਹ ਸੱਚ ਦੇ ਸੂਰਜ ਦਾ ਦਖ਼ਲ ਹੈ ਤੇ ਨਾਹ ਚੰਦ੍ਰਮਾ ਦਾ। ਭਾਵ, ਜਿਥੇ ਸੱਚ ਦੇ ਗਿਆਨ ਦਾ ਪ੍ਰਕਾਸ਼ ਨਾਂ ਹੋਣ ਕਰਕੇ ਦਿਨ-ਰਾਤ ਤੇਰਾ ਜੀਵਨ ਕੁੜਿਆਰ ਪੁਣੇ ਵਿਚ ਗੁਜ਼ਰ ਰਿਹਾ ਹੈ।

### ਹੁਣ ਸਮਝਦੇ ਹਾਂ ਪੰਥਾ

**ਮਹਲਾ 4: ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥ (ਪੰਨਾਂ 1426)**

**ਅਰਥ**: ਅਸੀਂ ਮਨ ਤੇ ਮੱਤ ਪੱਖੋ ਅੰਨ੍ਹੇ ਹਾਂ, ਬੇਸਮਝ ਅਤੇ ਬ੍ਰਹਮ ਦੀ ਵੀਚਾਰ ਤੋਂ ਸਖਣੇ ਹਾਂ। ਅਸੀਂ ਆਤਮਕ ਜੀਵਨ ਦੀ ਸੂਝ ਤੋਂ ਬਿਰਵੇ ਹਾਂ, ਸਾਨੂੰ ਸਹੀ ਜੀਵਨ-ਜੁਗਤਿ ਦੀ ਸੂਝ ਨਹੀਂ ਹੈ, ਅਸੀ ਤੇਰੇ ਦੱਸੇ ਹੋਏ ਜੀਵਨ-ਰਾਹ ਉੱਤੇ ਕਿਵੇਂ ਚਲ ਸਕਦੇ ਹਾਂ? ਨਾਨਕ ਪਾਤਿਸ਼ਾਹ ਜੀ ਆਖਦੇ ਹਨ ਕਿ ਸਾਨੂੰ ਅੰਨ੍ਹਿਆਂ ਨੂੰ ਆਪਣਾ ਪੱਲਾ ਫੜਾ, ਤਾਂ ਕਿ ਤੇਰੇ ਪੱਲੇ ਲੱਗ ਕੇ ਅਸੀਂ ਤੇਰੇ ਦੱਸੇ ਹੋਏ ਰਸਤੇ ਉਤੇ ਤੁਰ ਸਕੀਏ। (ਕਿਉ ਚਾਲਹ ਮਾਰਗਿ ਪੰਥਾ-ਜੀਵਨ ਜੀਉਣ ਦਾ ਰਸਤਾ-ਜੁਗਤਿ-ਬਿਧੀ)

### ਹੁਣ ਵਿਚਾਰਦੇ ਹਾਂ ਪੰਥੀ

**ਮਹਲਾ 1: ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥ ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥ (ਪੰਨਾਂ 1279)**

**ਅਰਥ**: ਨਾਨਕ ਪਾਤਿਸ਼ਾਹ ਜੀ ਆਖਦੇ ਹਨ ਕਿ ਜੇ ਸਾਵਣ ਦੇ ਮਹੀਨੇ ਵਿਚ ਮੀਂਹ ਵਰ੍ਹੇ ਤਾਂ ਚਾਰ ਧਿਰਾਂ ਨੂੰ ਵਿਛੋੜਾ (ਭਾਵ, ਕਿ ਵਿਯੋਗ ਹੁੰਦਾ ਹੈ- ਦੁੱਖ ਹੁੰਦਾ ਹੈ)। ਉਹ ਹਨ ਗਊਆਂ ਦੇ ਵੱਛੇ-ਬਲਦਾਂ ਨੂੰ (ਕਿਉਂਕਿ ਮੀਂਹ ਪਿਆਂ ਇਹ ਹਲੀਂ ਜੋਏ ਜਾਂਦੇ ਹਨ), ਗਰੀਬਾਂ ਨੂੰ ਜਿਨ੍ਹਾਂ ਦੀ ਮੇਹਨਤਿ-ਮਜੂਰੀ ਵਿਚ ਰੁਕਾਵਟ ਪੈਂਦੀ ਹੈ, ਰਾਹੀਆਂ ਨੂੰ ਸਫਰ ਕਰਨ, ਤੇ ਨੌਕਰੀ ਕਰਨ ਵਾਲੇ ਪ੍ਰਾਣੀਆਂ ਨੂੰ ਕਿਰਤ ਕਰਨ ਵਿਚ ਮੁਸ਼ਕਿਲ ਹੁੰਦੀ ਹੈ। (ਪੰਥੀ-ਰਾਹੀ-ਰਸਤੇ ਉਤੇ ਤੁਰਨ ਵਾਲਾ)

### ਭਗਤ ਕਬੀਰ ਜੀ

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥ ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ (ਪੰਨਾਂ 1372)**

**ਅਰਥ**: ਕਬੀਰ ਜੀ ਆਖਦੇ ਹਨ ਕਿ! ਅਹੰਕਾਰ ਛੱਡ ਕੇ ਰਾਹ ਵਿਚ ਪਏ ਹੋਏ ਰੋੜੇ ਵਰਗਾ ਹੋ ਜਾ। ਜੇਹੜਾ ਕੋਈ ਪ੍ਰਾਣੀ ਅਜੇਹਾ ਸੇਵਕ ਬਣ ਜਾਂਦਾ ਹੈ, ਉਸ ਨੂੰ ਪ੍ਰਮੇਸ਼ਰ ਮਿਲ ਪੈਂਦਾ ਹੈ। ਕਬੀਰ ਜੀ ਆਖਦੇ ਹਨ ਕਿ! ਰੋੜਾ ਬਣਿਆਂ ਭੀ ਅਜੇ ਪੂਰੀ ਕਾਮਯਾਬੀ ਨਹੀਂ ਹੁੰਦੀ, ਕਿਉਂਕਿ ਰਾਹੀਆਂ ਦੇ ਪੈਰਾਂ ਵਿਚ ਚੁੱਭਦਾ ਹੈਂ ਦੁਖ ਦਿੰਦਾ ਹੈਂ। ਹੇ ਪ੍ਰਭੂ! ਤੇਰਾ ਭਗਤ ਤਾਂ ਅਜੇਹਾ ਨਰਮ-ਦਿਲ ਬਣ ਜਾਂਦਾ ਹੈ ਜਿਵੇਂ ਧਰਤੀ ਤੇ ਰਾਹ ਦੀ ਬਾਰੀਕ ਧੂੜ ਹੁੰਦੀ ਹੈ। (ਪੰਥੀ-ਰਾਹੀ-ਮੁਸਾਫਰ-ਪਾਂਧੀ, ਬਾਟ-ਰਸਤਾ)।

### ਹੁਣ ਵਿਚਾਰਾਂਗੇ ਪਥਿਕ

**ਮਹਲਾ 5: ਘਨੁ ਗਰਜਤ ਗੋਬਿੰਦ ਰੂਪ॥ ਗੁਨ ਗਾਵਤ ਸੁਖ ਚੈਨ॥ ਰਹਾਉ॥ ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ॥ ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ॥ ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ॥ (ਪੰਨਾਂ 1272)**

**ਅਰਥ**: ਜਦੋਂ ਪ੍ਰਾਣੀ ਪ੍ਰਮੇਸ਼ਰ ਦੇ ਸਰਗੁਨ ਰੂਪ ਗੁਰੂ, ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ ਭਰਪੂਰ ਗੁਰੂ (ਨਾਮ-ਜਲ ਦੀ) ਵਰਖਾ ਦਾ ਪਾਤਰ ਬਣਦਾ ਹੈ, ਤਦੋਂ ਪ੍ਰਭੂ ਦੇ ਗੁਣ ਗਾਂਦਿਆਂ ਸੁਖ ਮਿਲਦਾ ਹੈ ਸ਼ਾਂਤੀ ਪ੍ਰਾਪਤ ਹੁੰਦੀ ਹੈ। ਗੁਰੂ ਦੀ ਕਿਰਪਾ ਨਾਲ ਪ੍ਰਮੇਸ਼ਰ ਦੀ ਚਰਨ ਸਰਨ ਪ੍ਰਾਪਤ ਹੁੰਦੀ ਹੈ, ਜੋ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਜਹਾਜ਼ ਹੈ। ਗੁਰੂ ਦੀ ਕਿਰਪਾ ਨਾਲ ਆਤਮਕ ਪੈਂਡੇ ਦੇ ਪਾਂਧੀ (ਜੀਵ) ਨੂੰ ਤਾਂਘ ਪੈਦਾ ਹੁੰਦੀ ਹੈ, ਉਸ ਦਾ ਚਿੱਤ (ਨਾਮ-ਜਲ ਦੇ) ਸਰੋਵਰ (ਗੁਰੂ) ਵਲ ਪਰਤਦਾ ਹੈ-ਪਾਤਰ ਬਣਦਾ ਹੈ। ਨਾਨਕ ਪਾਤਿਸ਼ਾਹ ਆਖਦੇ ਹਨ ਕਿ ਜਦੋਂ ਨਾਮ-ਜਲ ਨਾਲ ਭਰਪੂਰ ਗੁਰੂ ਨਾਮ ਦੀ ਵਰਖਾ ਕਰਦਾ ਹੈ, ਤਦੋਂ ਸੇਵਕਾਂ ਦੇ ਅੰਦਰ ਪ੍ਰਮੇਸ਼ਰ ਦੇ ਦਰਸਨ ਦੀ ਤਾਂਘ ਪੈਦਾ ਹੁੰਦੀ ਹੈ, ਪ੍ਰਭੂ ਮਿਹਰ ਕਰ ਕੇ ਉਹਨਾਂ ਨੂੰ ਇਹ ਦਾਤਿ ਦੇਂਦਾ ਹੈ। (ਸੋ ਪਥਿਕ ਦਾ ਅਰਥ ਹੈ: ਰਾਹੀ, ਮੁਸਾਫਰ, ਪਾਂਧੀ-ਭਾਵ ਕਿ ਜਗਿਆਸੂ)।

**ਫਰੀਦ ਜੀ: ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ (ਪੰਨਾਂ 488)**

### ਪ੍ਰਭੂ ਦੇ ਮਿਲਾਪ ਜਾਂ ਇਕਮਿਕਤਾ ਦਾ ਰਸਤਾ ਵਿਖੜਾ ਜਾਂ ਕਠਨ ਕਿਉਂ ਹੈ?

ਗੁਰੂ ਸਾਹਿਬ ਉਤਰ ਦਿੰਦੇ ਹਨ:

**ਮਹਲਾ 4: ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥ (ਪੰਨਾਂ 800)**

**ਗੁਰੂ ਦੇ ਦੱਸੇ ਪੰਥ, ਮਾਰਗ ਜਾਂ ਰਸਤੇ ਦੇ ਪਾਂਧੀ, ਰਾਹੀ, ਮੁਸਾਫਰ ਜਾਂ ਪਥਿਕ ਕਿਵੇਂ ਬਣੀਏਂ?**

**ਮਹਲਾ 4: ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ॥ ਹਰਿ ਹਰਿ ਉਰ ਧਾਰਿਓ ਗੁਰਿ ਪੂਰੈ ਮੇਰਾ ਸੀਸੁ ਕੀਜੈ ਗੁਰ ਵਾਟ॥ (ਪੰਨਾਂ 986)**

**ਮਹਲਾ 4: ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥ (ਪੰਨਾ 561)**

ਸੋ ਗੁਰੂ ਪਿਆਰਿਓ! ਗੁਰੂ ਗ੍ਰੰਥ ਸਾਹਿਬ ਵਿਚ ਸੁਭਾਏਮਾਨ ਗਿਆਨ ਜਾਂ ਉਪਦੇਸ਼ ਹੀ ਗੁਰੂ ਪੰਥ ਹੈ, ਜਿਸ ਅਨੁਸਾਰ ਚਲਕੇ ਸਮੂਚੀ ਮਨੁਖਤਾ ਜੀਉਂਦੇ ਜੀਅ ਸਚਖੰਡ ਵਾਸੀ ਹੋ ਸਕਦੀ ਹੈ, ਮੁਕਤੀ ਪ੍ਰਾਪਤ ਕਰ ਸਕਦੀ ਹੈ, ਉਸ ਨਿਰੰਕਾਰ ਨਾਲ ਅਭੇਦ ਹੋ ਸਕਦੀ ਹੈ, ਇਕ ਮਿਕ ਹੋ ਸਕਦੀ ਹੈ, ਸਚਿਆਰ ਬਣ ਸਕਦੀ ਹੈ, ਨਾਨਕ ਨਦਰੀ ਨਦਰਿ ਨਿਹਾਲ ਹੋ ਸਕਦੀ ਹੈ। ਪਰ ਜੋ ਸਾਡੀ ਇਹ ਧਾਰਨਾਂ ਬਣੀ ਹੋਈ ਹੈ ਕਿ ਤਿਆਰ-ਬਰ-ਤਿਆਰ ਸਿੰਘਾ ਸਿੰਘਣੀਆਂ ਦਾ ਸਮੁੱਚਾ ਸਮੂਹ ਗੁਰੂ ਪੰਥ ਹੈ, ਇਹ ਗੁਰਬਾਣੀ ਵਿਚ ਸੁਭਾਏਮਾਨ **"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥" (ਪੰਨਾਂ 646)** ਦੇ ਇਕੁ ਗੁਰੁ ਦੇ ਸਿਧਾਂਤ ਦਾ ਖੰਡਨ ਕਰਦੀ ਹੈ। ਸੰਪੂਰਨ ਗੁਰਬਾਣੀ ਵਿਚ ਉਪਰ ਦਿਤੇ ਗਏ ਪ੍ਰਮਾਣਾਂ ਤੋਂ ਇਲਾਵਾ ਹੋਰ ਅਨੇਕਾਂ ਪ੍ਰਮਾਣ ਹਨ ਜਿਨ੍ਹਾਂ ਸਾਰਿਆਂ ਵਿਚ ਪੰਥ,

ਪੰਥੁ, ਪੰਥਿ ਅਤੇ ਪੰਥਾ ਦਾ ਅਰਥ ਗੁਰੂ ਦਾ ਗਿਆਨ, ਉਪਦੇਸ਼ ਅਤੇ ਮਾਰਗ ਹੀ ਹੈ। ਉਸ ਮਾਰਗ ਤੇ ਚਲਣ ਵਾਲੇ ਪਾਂਧੀ, ਰਾਹੀ, ਮੁਸਾਫਰ ਅਤੇ ਜਗਿਆਸੂ ਹਨ।

ਉਪਰੋਕਤ ਲੇਖ ਵਿਚ ਹੋਈਆਂ ਭੁੱਲਾਂ ਦੀ ਖਿਮਾਂ ਜਾਚਨਾਂ ਕਰਦਾ ਹੋਇਆ ਗੁਰਬਾਣੀ ਦਾ ਨਿਮਾਣਾ ਜਿਹਾ ਵਿਦਿਆਰਥੀ।

# The Human Journey: Meaning and Purpose of Life

Dr. Devinder Pal Singh*

The question of life's meaning and humanity's purpose on Earth has engaged philosophers, theologians, and scientists across civilizations. While no single answer commands universal agreement, a synthesis of perspectives reveals a compelling framework grounded in consciousness, ethical responsibility, and interconnected existence.



At its most fundamental level, life may be understood as *a process of awareness* unfolding through experience. Human beings possess a unique capacity for self-reflection, enabling them not only to live but to question the nature and purpose of their existence. This reflective consciousness suggests that meaning is not merely discovered but also constructed through values, relationships, and purposeful action.

From a philosophical standpoint, existential thinkers argue that meaning arises through *individual choice and responsibility*. In contrast, religious traditions often assert that life's purpose is *aligned with a higher reality*, whether conceived as God, ultimate truth, or cosmic order. Despite these differences, both views converge on a central idea: that human life gains significance through *alignment with something beyond mere self-interest*.

Ethically, humanity's purpose may be framed as the *cultivation of compassion, justice, and stewardship*. As social beings, humans are intrinsically connected. Thus, the well-being of one is linked to the well-being of all. This interdependence extends beyond human society to the natural world, positioning humanity not as Earth's dominator but as its caretaker. Environmental crises of the modern era further reinforce the urgency of this responsibility.

Scientifically, life on Earth represents a rare and complex phenomenon within the vast cosmos. From this perspective, humanity's role may be *to preserve, understand, and advance life,* through knowledge, innovation, and sustainable coexistence. The *pursuit of truth,* whether through science or spirituality,

becomes a meaningful endeavour in itself.

Ultimately, the meaning of life may not lie in a singular objective but in *a dynamic integration of understanding, ethical living, and purposeful contribution.* Humanity's purpose, then, is not fixed but evolving: to deepen awareness, foster harmony, and participate consciously in the ongoing unfolding of life on Earth.

***Director, Center for Sikh Thought and Learning, Mississauga, Ontario, Canada**

# Bullying of Sikh American Children a lived reality! Book Review

Kavneet Singh (New Jersey, USA)

Halfway through his junior year in high school in 2014, a young Sikh American student from the state of New Jersey in the US, while taking an AP Psychology class decided to write a paper on the incessant bullying issues faced by Sikh American school children across the country. He not only got an A grade for it, but the teacher cajoled him to expand the paper by doing further research since it has never been done before.

After spending night and day for nearly 15 months working on his manuscript, which included going through ten edited drafts a comprehensive solution-oriented 250-page book was completed during the early part of his senior year in high school.

Karanveer Singh Pannu, now a high school senior published a comprehensive solution-oriented book on the serious bullying issues facing Sikh American children in schools across America in late 2015.

The audience for this particular book was a broad spectrum; Sikh school children and their parents, school teachers, school counselors, school psychologists, school resource (police) officers, administrators, bullying prevention specialists, bias and racism prevention specialists, social workers, legislatures and general public.

The initial four chapters give a background about the 'Challenges for Sikh Children', 'Sikh Religion', 'Turban' and 'History of Sikhs in America'. These chapters give an overview and complete context to the uninformed reader.

The chapter on 'Christianity, Judaism, Eurocentrism and the Blind spot' is particularly eye-opening for non-Sikh westerners as it discusses the deep hypocrisy of the followers of three Semitic religions vis-à-vis the uncut head hair/facial hair and especially the dastar/turban and how it is viewed through their lens. However, going back in time, there is plenty of evidence that their own founders looked and dressed in a very similar attire. This chapter alone is so unique that teachers and college professors have raved and commented on the depth and clarity of the message.

The next two chapters, 'Post 9-11', 'Adult to children trickledown effect of bias', and 'Media portrayal of Sikhs', notably covers the multi-layered racism and microaggression impacting Sikh children with many examples. The negative depiction of Sikhs, or mistakenly showing Sikhs as Muslims to further exacerbate the

representation through conflation only added to the challenge of understanding by the general public.

Without hard evidential data no practical solutions can be provided. The next chapter covers the bullying statistics for Sikh American children. A detailed bullying survey of nearly 1,000 Sikh children was done across the US in 2015. The author, spent his entire summer going to various gurdwaras trying to have school going children take the survey, especially considering that Sikhs are not very comfortable taking surveys. Phone calling, prodding and cajoling adults Sikhs at gurdwaras across the country and to have the Khalsa school children fill the questionnaires, was one of hardest challenges.

The chapter on 'Psychological trauma' - Interviews with mental health professionals' summarizes discussions of the interviews by several child psychiatrists to understand the level of trauma that gets created and the practical solutions to mitigate this particular type of bullying.

The final two chapters, 'Strategies for families' and 'Strategies for educators' brought out some rarely discussed topics and suggested many real-world solutions based on his own life and personal experiences. These could help not just his peers from within the Sikh American community but for all children who are bullied every day.

This ground breaking book was personally attested with a signed letter by President Barak Obama in April 2016 from the 'White House', and won the 'National Bullying Prevention Award' by the 'School Safety and Advocacy Council' at their national conference held in Reno, Nevada in March 2018.

It is being used in Middle and High Schools, including in High Schools for AP Phycology, AP History and AP English courses. (Advanced Placement are college level courses). Currently this amazing book is being used in 43 school districts on the Eastern seaboard in the states of New Jersey, New York, Pennsylvania, Connecticut and North Carolina.


The American Sikh Council (ASC) supported this unique and historic book and collaborated with the author to train over 8,500 bullying prevention specialists and diversity directors across the country and presented to over 10,000 schoolchildren across the nation as of 2025. www.americansikhcouncil.org

Here is what the department head of Psychology at Rutgers University, Professor J.W. Whitlow, Jr. (PhD) stated, "*In this examination of the bullying experienced by Sikh-American children, Karanveer Singh has done a masterful job of combining his personal experience with an historical background of the Sikh community and systematic empirical research on bullying. His book is a*

*significant addition to the national discussion of bullying and offers a multi-faceted perspective on bullying that both informs and makes sensible recommendations on ways to reduce it. This is a remarkable work that addresses the bullying experienced by an understudied group*."

Sikh children face very high degree of traumatic bullying across the globe. Based on surveys and empirical data, the rate of bullying of Sikh children is the highest in India, except in Panjab. This is one of main reasons for children and parents giving in to pressure and abjuring the core tenets of their faith and cutting their hair (kesh) which then becomes a never-ending slippery slope to losing not only their physical identity by also their spiritual, albeit at a slower pace. Part of the issue is parental laziness in pursuing and following up with school authorities regarding their ignorance of the Sikh religion, hence the bullying predicament.

This book is must read and should be in the hands of every school superintendent and principal wherever there are Sikh school children in the diaspora. The book used as a school resource has made immediate and significant reductions in bias, racism and bullying not only against Sikh children but has helped others as well. www.bullyingsikhamericanchildren.org




(Note: A US Judge Mark P. Painter is known for his significant ruling in favor of a Sikh individual in the state of Ohio during the early 1990s. This case involved the right of a Sikh student to wear a turban while participating in school activities, which was a pivotal moment in affirming religious freedoms in educational settings. His ruling defined a Sikh perfectly. **"To be a Sikh is to have uncut (facial/head) hair covered by a turban. A Sikh is 'not' a Sikh without his turban; it is as simple as that!"**

# ਲੇਖਕਾਂ ਲਈ ਜ਼ਰੂਰੀ ਜਾਣਕਾਰੀ

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ।
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ ਹੋਵੇ।
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ ਜੀ।
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਜ਼ਰੂਰੀ ਛੱਡੀ ਹੋਵੇ।
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ।
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਵਧ ਤੋਂ ਵਧ ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ।
7. ਲੰਮੇ ਲੇਖ ਸਾਡੇ ਵੈੱਬਸਾਈਟ (***sanjihivirasat.org***) ਦੇ 'ਬਲ਼ੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ।
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ '**Copyright Infringement**' ਨਹੀਂ ਹੋਣੀ ਚਾਹੀਦੀ।
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਸਾਲ ਦਿਓ।
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ।

## Important Information for Authors

**Magazine Policy**: To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board**: Will not be responsible for views of Authors /Poets.
2. **Font size 14**: Panjabi - Anmol Lipi (English -Times New Roman).
3. **Spacing, margin**: Line-to-line 1.0, One Inch Margins on all four sides.
4. **Format -WORD**: No PDF, Photocopy, Printscreen, Snip, Office-Lens.
5. **Author's Data**: Name, City (Country), Brief (own) Introduction.
6. **Author's Contact**: Phone, e-mail, or WhatsApp. (Photo is optional).
7. **Maximum Length**: Two pages (Including Photo) / 800 Laptop words).
8. **Longer Articles**: On blog Website ***(sanjhivirasat.org)*** / serialized.
9. **Copy -right (CR)**: Authors will certify there is No CR Infringement.
10. **References/Photo**: Source (Author, Title, Journal/Book, Year, Pages).

# ਸੰਪਾਦਕੀ ਮੰਡਲ ਤੇ ਸਲਾਹਕਾਰ (ਸਾਂਝੀ ਵਿਰਾਸਤ)

## Editorial Board and Consultants (Sanjhi Virasat)


**(ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)**

| | |
|---|---|
| 1. ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 11. ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

**ਸਲਾਹਕਾਰ:**

| | |
|---|---|
| 1. ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. ਸਰਦਾਰਨੀ ਅੰਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |



**ਪ੍ਰੋਫ਼ੈਸਰ (ਡਾ). ਸੁਰਜੀਤ ਸਿੰਘ ਭੱਟੀ**
**Founding/ਸੰਸਥਾਪਕ ਸੰਪਾਦਕ**



**ਡਾ. ਕਾਬਲ ਸਿੰਘ**
**ਮੁੱਖ ਸੰਪਦਕ**



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਰਾਜਬੀਰ ਸਿੰਘ ਭੱਟੀ



ਸ. ਜਗਬੀਰ ਸਿੰਘ ਕੋਹਲੀ



ਡਾ. ਰਾਜਾ ਬਲਰਾਜ ਸਿੰਘ



ਸ. ਜਸਵਿੰਦਰ ਸਿੰਘ ਰੁਪਾਲ



ਸ. ਪਰਮਜੀਤ ਸਿੰਘ



ਸ. ਉਂਕਾਰ ਸਿੰਘ ਟਿਵਾਣਾ



ਡਾ. ਬਲਦੇਵ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ. ਯੁਵਰਾਜ ਸਿੰਘ



ਸ. ਰਣਸ਼ੇਰ ਰਾਜ ਸਿੰਘ